ਦੁਆਬੇ ਦੀ ਕਵਿਤਾ ਦੇ ਸਰੋਕਾਰ

ਡਾ. ਕਰਮਜੀਤ ਸਿੰਘ

ਕਿਸੇ ਇੱਕ ਖਿੱਤੇ ਦੀਆਂ ਸਾਹਿਤਕ ਵੰਨਗੀਆਂ ਸੰਗ੍ਰਹਿਤ ਕਰਨ ਪਿੱਛੇ ਦੋ ਪ੍ਰਮੁੱਖ ਪ੍ਰਵਿਰਤੀਆਂ ਕੰਮ ਕਰਦੀਆਂ ਹਨ। ਪਹਿਲੀ ਪ੍ਰਵਿਰਤੀ ਹੈ ਛਾਵਨਵਾਦੀ ਪ੍ਰਵਿਰਤੀ। ਇਹ ਪ੍ਰਵਿਰਤੀ ਕਿਸੇ ਵੀ ਸਾਹਿਤ ਦਾ ਬਾਹਰਮੁਖੀ ਆਲੋਚਨਾਤਮਕ ਵਿਸ਼ਲੇਸ਼ਣ ਕਰਨ ਦੇ ਰਾਹ ਵਿਚ ਬਾਧਕ ਬਣਦੀ ਹੈ ਕਿਉਂਕਿ ਇਹ ਜੋ ਨਹੀਂ ਹੈ, ਉਸਨੂੰ ਵੀ "ਹੈ" ਸਿੱਧ ਕਰਨ ਦੇ ਯਤਨ ਵਿਚ ਖੋਜ ਦੇ ਮੁੱਖ ਕਾਰਜ ਨੂੰ ਹੀ ਗੰਧਲਾ ਕਰ ਦਿੰਦੀ ਹੈ। ਇਹ ਪ੍ਰਵਿਰਤੀ ਹੈਂਕੜਬਾਜ਼ੀ ਦੀ ਜਨਮਦਾਤੀ ਹੈ ਤੇ ਇਹ ਝੂਠੀ ਹੈਂਕੜਬਾਜ਼ੀ ਅਗਾਂਹ ਕਈ ਵਾਰ ਸਮਾਜ ਵਿਚ ਅਰਾਜਕਤਾ ਦੀ ਸਥਿਤੀ ਪੈਦਾ ਕਰਨ ਲਈ ਵੀ ਜ਼ਿੰਮੇਵਾਰ ਹੋ ਸਕਦੀ ਹੈ। ਮਲਵਈ ਨੂੰ ਕੇਂਦਰੀ ਭਾਸ਼ਾ ਬਣਾਉਣ ਦੀ ਮੁਹਿੰਮ ਅਤੇ ਆਪਣੀ ਮਾਂ ਬੋਲੀ ਦੀ ਥਾਂ ਹਿੰਦੀ ਜਾਂ ਅੰਗਰੇਜ਼ੀ ਨੂੰ ਮਾਂ-ਬੋਲੀ ਮੰਨਣ ਦੀ ਜ਼ਿਦ ਇਸੇ ਪ੍ਰਵਿਰਤੀ ਦੀਆਂ ਉਦਾਹਰਣਾਂ ਹਨ। ਜਦੋਂ ਅਸੀਂ ਕਿਸੇ ਇਕ ਖਿੱਤੇ ਦੀ ਸਾਹਿਤ-ਵੰਨਗੀ ਇਕੱਤਰ ਕਰਦੇ ਹਾਂ ਤਾਂ ਯਥਾਰਥਵਾਦੀ ਪ੍ਰਵਿਰਤੀ ਦੀ ਇਹ ਮੰਗ ਹੁੰਦੀ ਹੈ ਕਿ ਇਸ ਵੰਨਗੀ ਦਾ ਪੰਜਾਬੀ ਆਹਿਤ ਦੇ ਸੰਦਰਭ ਵਿਚ ਅਧਿਐਨ ਕਰਕੇ ਇਸ ਰਾਹੀਂ ਪੰਜਾਬੀ ਸਾਹਿਤ ਵਿਚ ਹੋਏ ਵਾਧੇ ਨੂੰ ਪਹਿਚਾਣਿਆ ਜਾਵੇ ਅਤੇ ਵਿਸ਼ੇ ਤੇ ਰੂਪ ਪੱਖੋਂ ਰਹਿ ਗਈਆਂ ਘਾਟਾਂ ਨੂੰ ਸਾਹਮਣੇ ਲਿਆਂਦਾ ਜਾਵੇ ਤਾਂ ਕਿ ਆਉਣ ਵਾਲੇ ਸਮੇਂ ਵਿਚ ਦੂਸਰੇ ਸਾਹਿਤਕਾਰ ਇਸ ਪਾਸੇ ਆਪਣਾ ਧਿਆਨ ਦੇ ਸਕਣ। ਝੇ ਭੂਤਕਾਲ ਦੀਆਂ ਵੰਨਗੀਆਂ ਇਕੱਤਰ ਕਰਦਿਆਂ ਵੀ ਕੁਝ ਘਾਟਾਂ ਮਹਿਸੂਸ ਹੋਣ ਤਾਂ ਆਲੋਚਨਾਤਮਕ ਇਮਾਨਦਾਰੀ ਦੀ ਇਹ ਲੋੜ ਹੈ ਕਿ ਇਨ੍ਹਾਂ ਨੂੰ ਸਵੀਕਾਰ ਕੀਤਾ ਜਾਵੇ ਤੇ ਹਾਂ-ਪੱਖਾਂ ਨੂੰ ਸਹੀ ਪਰਿਪੇਖ ਵਿਚ ਸਮਝਿਆ ਜਾਵੇ। ਮੇਰੇ ਵਿਚਾਰ ਵਿਚ ਬਲਦੇਵ ਸਿੰਘ 'ਬੱਦਨ' ਦਾ ਮੰਤਵ ਵੀ ਇਹੀ ਹੈ। ਇਸੇ ਯਥਾਰਥਵਾਦੀ ਦ੍ਰਿਸ਼ਟੀ ਤੋਂ ਅਸੀਂ ਇਸ ਹਥਲੇ ਸੰਗ੍ਰਹਿ ਬਾਰੇ ਚਰਚਾ ਕਰਨ ਦਾ ਯਤਨ ਕਰਾਂਗੇ।

ਪਿਛਲੇ ਸਾਲਾਂ ਵਿਚ (1990 ਤੋਂ ਪਹਿਲਾਂ) ਜਿਹੜੇ ਵੀ ਪੰਜਾਬੀ ਦੇ ਕਾਵਿ-ਸੰਗ੍ਰਹਿ ਛਪੇ ਹਨ ਉਨ੍ਹਾਂ ਵਿਚ ਪੰਜਾਬ ਸੰਕਟ ਬਾਰੇ ਕਵਿਤਾਵਾਂ ਦੀ ਬਹੁਤਾਤ ਹੁੰਦੀ ਹੈ। ਪਿਛਲੇ ਦਸਾਂ ਸਾਲਾਂ ਵਿਚ ਪੰਜਾਬ ਸਮੱਸਿਆ ਨੇ ਪੰਜਾਬ ਦੇ ਅੰਦਰ ਤੇ ਪੰਜਾਬ ਤੋਂ ਬਾਹਰ ਹਜ਼ਾਰਾਂ ਆਮ ਲੋਕਾਂ ਨੂੰ ਅਤੇ ਅਨੇਕਾਂ ਸਿਰਕੱਢ ਰਾਜਨੀਤਿਕ ਤੇ ਧਾਰਮਿਕ ਆਗੂਆਂ ਨੂੰ ਆਪਣਾ ਸ਼ਿਕਾਰ ਬਣਾਇਆ ਹੈ। ਇਕ ਪਾਸੇ ਕੇਂਦਰ ਦੀਆਂ ਨੀਤੀਆਂ, ਦੂਜੇ ਪਾਸੇ ਧਾਰਮਿਕ ਨੀਤੀ, ਤੀਜੇ ਪਾਸੇ ਬਾਹਰੀ ਏਜੰਸੀਆਂ ਦਾ ਦਖ਼ਲ ਤੇ ਚੌਥੇ ਪਾਸੇ ਸਮਾਜ-ਵਿਰੋਧੀ ਅੰਸਰਾਂ ਦੀ ਮੌਕਾ ਪ੍ਰਸਤੀ ਸਭ ਕੁਝ ਮਿਲ ਕੇ ਕੁਝ ਅਜਿਹੇ ਗੁੰਝਲਦਾਰ ਹਾਲਾਤ ਪੈਦਾ ਕਰਦੇ ਹਨ ਕਿ ਜਿਸ ਵਿਚ ਹਰ ਆਮ ਆਦਮੀ ਧੁੰਧੂਕਾਰੇ ਵਿਚ ਗੋਤੇ ਖਾ ਰਿਹਾ ਹੈ। ਕਵੀ ਭਾਵੇਂ ਲੋਕਾਂ ਦੀਆਂ ਭਾਵਨਾਵਾਂ ਨੂੰ ਆਪਣੇ ਢੰਗ ਨਾਲ ਜ਼ੁਬਾਨ ਦਿੰਦਾ ਹੈ, ਪਰ ਉਹ ਵੀ ਧੁੰਧੂਕਾਰੇ ਦੀ ਮਾਰ ਤੋਂ ਬਚ ਨਹੀਂ ਸਕਦਾ। ਉਹ ਜਿਨ੍ਹਾਂ ਉਤੇਜਿਤ ਪ੍ਰਸਥਿਤੀਆਂ ਵਿਚ ਵਿਚਰ ਰਿਹਾ ਹੈ ਉਹ ਉਸਦੀ ਵਿਸ਼ਲੇਸ਼ਣ ਸ਼ਕਤੀ ਨੂੰ ਤੇ ਉਸ ਦੀਆਂ ਭਾਵਨਾਵਾਂ ਦੀ ਸੇਧ ਨੂੰ ਖੁੰਢਿਆਂ ਕਰਦੀਆਂ ਹਨ। ਇਸੇ ਲਈ ਉਸ ਦੀ ਕਵਿਤਾ ਸਮਝ ਦੀ ਕਵਿਤਾ ਬਣਨ ਦੀ ਥਾਂ ਵਕਤੀ ਭਾਵੁਕਤਾ ਦੀ ਕਵਿਤਾ ਬਣ ਕੇ ਰਹਿ ਜਾਂਦੀ ਹੈ। ਪੰਜਾਬ ਸੰਕਟ ਨਾਲ ਸੰਬੰਧਿਤ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵੀ ਇਸ ਘਾਟ ਤੋਂ ਬਚ ਨਹੀਂ ਸਕੀਆਂ।

ਹਰ ਕਵੀ ਅਜੋਕੇ ਪੰਜਾਬ ਦੇ ਦੁਖਾਂਤ ਨੂੰ ਆਪਣੇ ਆਪਣੇ ਢੰਗ ਨਾਲ ਪ੍ਰਗਟ ਕਰ ਰਿਹਾ ਹੈ। ਕਦੇ ਉਹ ਆਤੰਕਿਤ ਵਾਤਾਵਰਣ ਨੂੰ ਸਿਰਜਦਾ ਹੋਇਆ ਇਸ ਤੋਂ ਪਾਰ ਜਾਣ ਲਈ ਤਾਂਘਦਾ ਹੈ ਕਦੇ ਉਹ ਸੰਪ੍ਰਦਾਇਕਤਾ ਦੇ ਜ਼ਹਿਰ ਨੂੰ ਸ਼ਿਵ ਬਣ ਕੇ ਡੀਕਣਾ ਚਾਹੁੰਦਾ ਹੈ, ਪਰ ਜ਼ਹਿਰੀ ਨਾਗਾਂ ਦੀ ਤਦਾਦ ਤੇ ਉਨ੍ਹਾਂ ਦੁਆਰਾ ਉਗਲੇ ਜ਼ਹਿਰ ਦੀ ਮਾਤਰਾ ਏਨੀ ਜ਼ਿਆਦਾ ਹੈ ਕਿ ਇਕੱਲਾ ਕਵੀ ਇਸ ਸਾਰੇ

ਜ਼ਹਿਰ ਨੂੰ ਚੂਸ ਲੈਣ ਤੋਂ ਅਸਮਰੱਥ ਹੈ। ਕਵੀ ਦੇਸ਼ ਵਿਚ ਹੋਵੇ ਜਾਂ ਵਿਦੇਸ਼ ਵਿਚ ਉਹ ਆਪਣੇ ਭਾਵੁਕ ਪ੍ਰਤਿਕਰਮਾਂ ਨੂੰ ਅਨੇਕਾਂ ਵਿਧੀਆਂ ਰਾਹੀਂ ਕਲਮਬੱਧ ਕਰਨ ਲਈ ਉਤਾਵਲਾ ਹੈ। ਕਈ ਵਾਰ ਵਿਧੀਆਂ ਦੀ ਭਾਲ ਵਿਚ ਅਸਪੱਸ਼ਟਤਾ ਦੀ ਬੁਕਲ ਮਾਹ ਕੇ ਆਪਣੇ ਅਰਥ ਗੁਆ ਲੈਂਦਾ ਹੈ। ਉਸ ਦੀ ਨੀਅਤ ਉੱਪਰ ਤਾਂ ਭਾਵੇਂ ਸ਼ੱਕ ਨਹੀਂ ਕੀਤਾ ਜਾ ਸਕਦਾ ਪਰੰਤੂ ਬਿਖਰੇਪਣ ਦਾ ਅਹਿਸਾਸ ਪਾਠਕ ਲਈ ਹਾਂ ਪੱਖੀ ਹੋਣ ਦੀ ਬਜਾਏ ਉਲਝਾਊ ਸਾਬਿਤ ਹੁੰਦਾ ਹੈ।

ਜਦੋਂ ਵਰਤਮਾਨ ਆਪਣੇ ਵੱਸ ਵਿਚ ਵਿਖਾਈ ਨਾ ਦਿੰਦਾ ਹੋਵੇ ਤਾਂ ਭਵਿੱਖ ਬਾਰੇ ਤਾਂ ਸੋਚਿਆ ਵੀ ਨਹੀਂ ਜਾ ਸਕਦਾ। ਇਸ ਸਥਿਤੀ ਵਿਚ ਬਹੁਤਿਆਂ ਲਈ ਭੂਤਕਾਲ ਦਾ ਸਿਮਰਣ ਵਧੇਰੇ ਸੁਖਦਾਈ ਹੁੰਦਾ ਹੈ। ਪੰਜਾਬ ਬਾਰੇ ਲਿਖਦਿਆਂ ਵੀ ਕਵੀ ਵਧੇਰੇ ਕਰਕੇ ਪੰਜਾਬ ਦੇ ਉਸ ਪੁਰਾਣੇ ਸਾਂਝੇ ਸਭਿਆਚਾਰ ਨੂੰ ਚਿਤਵਦੇ ਹਨ ਜਿਸ ਵਿਚ ਜੀਊਣ ਮਰਨ ਦੀਆਂ ਸਾਂਝਾਂ ਹਨ, ਜਿੱਥੇ ਸੰਪ੍ਰਦਾਇਕ ਨਫ਼ਰਤ ਹੁਣ ਵਰਗੀ ਤਿਖੇਰੀ ਨਹੀਂ, ਜਿੱਥੇ ਕਾਵਿਕ ਵਿਰਸਾ ਤੇ ਬਹਾਦਰੀ ਦੇ ਚਿੰਨ੍ਹ ਤੇ ਇਤਿਹਾਸ ਸਾਂਝੇ ਹਨ। ਅਜਿਹੇ ਸਮੇਂ ਵੀ ਸਾਹਿਤਕਾਰ ਦੀ ਨੀਅਤ ਉੱਪਰ ਇੱਥੇ ਵੀ ਕਿਸੇ ਤਰ੍ਹਾਂ ਦਾ ਕਿੰਤੂ ਨਹੀਂ ਕੀਤਾ ਜਾ ਸਕਦਾ ਪਰ ਸੁਚੇਤ ਜਾਂ ਅਚੇਤ ਕਈ ਵਾਰ ਭੂਤਕਾਲ ਦਾ ਚਿੱਤਰਣ ਰੁਮਾਂਟਿਕ ਕਿਸਮ ਦਾ ਉਭਰ ਕੇ ਸਾਹਮਣੇ ਆਉਂਦਾ ਹੈ ਜੋ ਅਜੋਕੀ ਕਵਿਤਾ ਦੀ ਕਮਜ਼ੋਰੀ ਵੀ ਬਣ ਜਾਂਦਾ ਹੈ। ਅਜਿਹੇ ਚਿੱਤਰਣ ਤੋਂ ਇੱਕ ਤਿੱਖਾ ਪ੍ਰਸ਼ਨ ਵੀ ਉਭਰਦਾ ਹੈ ਕਿ ਜੇ ਸੱਚਮੁੱਚ ਹੀ ਅਤੀਤ ਅਸਲੋਂ ਇਕਸਾਰ ਸੀ ਤਾਂ ਇਸ ਦੇ ਗਰਭ ਵਿਚੋਂ ਅਜੋਕਾ ਸਰਾਪਿਆ ਵਰਤਮਾਨ ਕਿਵੇਂ ਪੈਦਾ ਹੋ ਗਿਆ? ਕਵੀਆਂ ਨੂੰ ਇਸ ਪ੍ਰਸ਼ਨ ਨਾਲ ਵੀ ਦੋ-ਚਾਰ ਹੋਣਾ ਚਾਹੀਦਾ ਹੈ। ਇਸ ਦੇ ਬਾਵਜੂਦ ਕਈ ਅਜੋਕੇ ਸੰਪ੍ਰਦਾਇਕ ਵਿਰੋਧਾਂ ਨੂੰ ਕਲਾਤਮਕਤਾ ਨਾਲ ਪ੍ਰਗਟਾਉਂਦੇ ਹਨ।

ਤੇ ਹੁਣ ਮੇਰੀ ਢਲਦੀ ਉਮਰੇ
ਇਕ ਹੋਰ ਹਵਾ ਚੱਲੀ ਹੈ।
ਕਿ ਗੰਗਾ ਤੇ ਸਤਲੁਜ ਦੀਆਂ ਲਹਿਰਾਂ
ਦਾ ਰੰਗ ਵੱਖਰਾ ਹੈ।
ਕਿ ਕੇਸਾਂ ਤੇ ਕਕਾਰਾਂ ਦਾ
ਜਜੂਆਂ ਨਾਲ ਕਦੀਮੀ ਵੈਰ ਚਲਾ ਆਇਆ ਹੈ।
ਕਿ ਕਮਲਾ ਦੇ ਪਤਲੇ ਹੋਂਠ
ਮੇਰੀ ਮਾਂ ਨਾਲ ਨਹੀਂ ਸੀ ਮਿਲਦੇ।
ਇਹ ਹਵਾ ਜਿਧਰ ਜਾਂਦੀ ਹੈ
ਖੱਖੜੀਆਂ ਹੋਇਆ ਮੇਰਾ ਪਿੰਡ
ਹਿਚਕੀ ਲੈਂਦਾ ਹੈ
ਕੋਈ ਕੋਈ ਖ਼ੂਨ ਦਾ ਤੁਪਕਾ
ਹਵਾ ਵਿਚ ਦਿਨ ਰਾਤ ਲਟਕਦਾ ਹੈ। (ਅਵਤਾਰ ਲੰਡਨ)

ਇਨ੍ਹਾਂ ਕਵਿਤਾਵਾਂ ਦਾ ਸਭ ਤੋਂ ਸ਼ਕਤੀਸ਼ਾਲੀ ਪੱਖ ਹੈ ਇਨ੍ਹਾਂ ਦੇ ਮਾਨਵਵਾਦੀ ਸਰੋਕਾਰ, ਜਿਨ੍ਹਾਂ ਅਧੀਨ ਕਵੀ ਧਰਮ ਦੀਆਂ ਹੱਦਾਂ ਪਾਰ ਕਰਕੇ ਮਨੁੱਖਤਾ ਨੂੰ ਪਛਾਣਦਾ ਹੈ।

ਕੁਝ ਕਵੀ ਇਹ ਵਾਅਦਾ ਕਰਦੇ ਹਨ ਕਿ ਉਹ ਹਨੇਰੇ ਦੀ ਗੱਲ ਕਰਦੇ ਹੋਏ ਰੌਸ਼ਨੀ ਦਾ ਪੱਲਾ ਨਹੀਂ ਛੱਡਣਗੇ ਪਰ ਕਈ ਵਾਰ ਉਹ ਆਪਣੇ ਆਪ ਨੂੰ ਇਕ ਸੰਪ੍ਰਦਾਇਕ ਪਛਾਣ ਤੱਕ ਸਮਿਤ ਕਰ ਲੈਂਦੇ ਹਨ। ਅਜਿਹੇ ਕਵੀਆਂ ਦੇ ਕਾਵਿ-ਪਾਤਰ ਬੇਰੁਜ਼ਗਾਰ ਜੁਆਨੀ ਬਾਰੇ ਸੁਚੇਤ ਹੋਣ ਦਾ ਭਰਮ ਸਿਰਜਦੇ ਹਨ, ਉਹ ਸਮਕਾਲੀ ਸਰਕਾਰੀ ਤੰਤਰ ਦੀਆਂ ਕੀਤੀਆਂ ਦੇ ਆਲੋਚਕ ਵੀ ਹਨ। ਪਰ ਉਹ ਪੰਜਾਬੀ ਸਭਿਆਚਾਰਕ ਪਛਾਣ ਨੂੰ ਭਾਰਤੀ ਸੰਦਰਭ ਵਿਚ ਦੇਖਣ ਦੀ ਬਜਾਇ ਧਾਰਮਿਕ ਵਿਰਸੇ ਤੱਕ ਸੀਮਤ ਕਰ ਦਿੰਦੇ ਹਨ। ਆਪਣੀ ਸੀਮਾ ਤੋਂ ਸੁਚੇਤ ਹੋ ਕੇ ਅਗਾਂਹ ਕਦਮ ਪੁੱਟਣ ਦੀ ਜ਼ਰੂਰਤ ਹੈ। ਦੁਆਬੇ ਦੇ ਕਵੀ ਯਥਾਰਥ ਤੋਂ ਪੈਦਾ ਹੋਏ ਅਨੁਭਵਾਂ ਨੂੰ ਉਨ੍ਹਾਂ ਦੇ ਹਾਣ ਦਿਆਂ ਸ਼ਬਦਾਂ ਵਿਚ ਫੜਨ ਦੀ ਯੋਗਤਾ ਰੱਖਦੇ ਹਨ। ਪਰ ਕਈ ਵਾਰ ਦ੍ਰਿਸ਼ਟੀਕੋਣ ਦੀ ਕੱਜ ਕਾਰਨ ਉਨ੍ਹਾਂ ਦੀ ਇਹ ਯੋਗਤਾ, ਅਯੋਗਤਾ ਵੀ ਬਣ ਜਾਂਦੀ ਹੈ। ਇਸੇ ਕਾਰਣ ਕਵੀ ਦੀ ਕਵਿਤਾ ਵਿਚ ਕੋਈ ਨਾ ਕੋਈ ਘਾਟ ਰਹਿ ਗਈ ਮਹਿਸੂਸ ਹੁੰਦੀ ਹੈ। ਜਲ ਰਹੇ ਪੰਜਾਬ ਦੀਆਂ ਸਮੂਰਤ ਘਟਨਾਵਾਂ ਨੂੰ ਕਾਵਿ ਅਨੁਭਵ ਵਿਚ ਢਾਲਦਿਆਂ ਉਨ੍ਹਾਂ ਦੀ ਕਵਿਤਾ ਭਾਵਵਾਚਕਤਾ ਦਾ ਸ਼ਿਕਾਰ ਹੋ ਗਈ ਹੈ।

ਹਰਭਜਨ ਸਿੰਘ ਹੁੰਦਲ ਪੰਜਾਬੀ ਕਵਿਤਾ ਵਿਚ ਅਜਿਹਾ ਹਸਤਾਖ਼ਰ ਹੈ ਜੋ ਪਿਛਲੇ ਕਈ ਸਾਲਾਂ ਤੋਂ ਕਵੀਆਂ ਦੀਆਂ ਮੋਹਰਲੀਆਂ ਕਤਾਰਾਂ ਵਿਚ ਸ਼ਾਮਿਲ ਹੈ। ਉਸਨੇ ਪ੍ਰਗਤੀਵਾਦੀ ਵਿਚਾਰਾਂ ਦੇ ਪ੍ਰਗਟਾ ਲਈ ਵੱਖ-ਵੱਖ ਪੜਾਵਾਂ ’ਤੇ ਆਪਣੇ ਅੰਦਾਜ਼ ਤਾਂ ਬਦਲੇ ਹਨ ਪਰੰਤੂ ਕਿਸੇ ਵੀ ਨਾਂਹ ਮੁਖੀ ਪ੍ਰਵਿਰਤੀ ਨਾਲ ਸਮਝੌਤਾ ਨਹੀਂ ਕੀਤਾ ਹੈ। ਹੁਣ ਦੇ ਪੜਾਅ ਤੇ (1990 ਦੇ ਪੜਾਅ ਤੇ) ਉਸ ਦੀ ਕਵਿਤਾ ਵਿਚ ਵੀ ਅਤੀਤ ਵੱਲ ਭਾਵੁਕਤਾ ਦੇ ਲੱਛਣ ਦਿਖਾਈ ਦਿੰਦੇ ਹਨ।, ਜਿਨ੍ਹਾਂ ਕਰਕੇ ਅਜੋਕੀਆਂ ਪ੍ਰਸਥਿਤੀਆਂ ਦੇ ਵਿਸਲਲੇਸ਼ਣ ਦੀ ਪ੍ਰਵਿਰਤੀ ਕਮਜ਼ੋਰ ਹੁੰਦੀ ਹੈ। ਇਸ ਗੱਲ ਤੋਂ ਤਾਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਈ ਵਾਰ ਭਾਵੁਕ ਪ੍ਰਸਥਿਤੀਆਂ ਵਿਚ ਲੋਕ-ਮਨਾਂ ਨੂੰ ਭਾਵੁਕ ਪੱਧਰ ’ਤੇ ਹੀ ਝੰਜੋੜਿਆ ਜਾ ਸਕਦਾ ਹੈ, ਪਰ ਚਿਰ-ਸਥਾਈ ਬਣਾਈ ਰੱਖਣ ਲਈ ਵਿਸ਼ਲੇਸ਼ਣ ਦੇ ਰੁਝਾਨ ਦਾ ਤਿਆਗ ਨਹੀਂ ਹੋਣਾ ਚਾਹੀਦਾ। ਹੁੰਦਲ ਦੀ ਕਵਿਤਾ ‘ਮੇਰਾ ਪੰਜਾਬ ਕਿੱਥੇ ਹੈ’ ਵਿਚ ਇਕ ਪਾਸੇ ਚੁਰਾਸੀ ਦੇ ਦੰਗਿਆਂ ਵਿਚ ਨਿਰਦੋਸ਼ ਕਤਲ ਹੋਏ ਲੋਕਾਂ ਦਾ ਦਰਦ ਹੈ, ਦੁਸ਼ਮਣ ਦੇ ਹੱਥਾਂ ਵਿਚ ਖੇਲਣ ਵਾਲੇ ਤੱਤਾਂ ਦੀ ਚੇਤਨਾ ਹੈ, ਧਾਰਮਿਕ ਸਥਾਨਾਂ ’ਤੇ ਹੁੰਦੇ ਕਤਲਾਂ ਦਾ ਦੁੱਖ ਹੈ, ਆਤੰਕ ਦੇ ਮਾਹੌਲ ਵਿਚ ਰਹਿੰਦੇ ਲੋਕਾਂ ਨਾਲ ਏਕਤਾ ਹੈ ਅਤੇ ਆਪਣੇ ਲੋਕਾਂ ਹੱਥੋਂ ਬੱਸਾਂ ਵਿਚ ਮਰਦੇ ਨਿਰਦੋਸ਼ ਲੋਕਾਂ ਨਾਲ ਹਮਦਰਦੀ ਹੈ, ਉੱਥੇ ਦੂਜੇ ਪਾਸੇ ਪੰਜਾਬ ਦੁ ਸਾਂਝੇ ਵਿਰਸੇ ਦੀ ਝਾਕ ਹੈ ਜੋ ਹੁਣ ਗਾਇਬ ਹੈ। ਸੰਵੇਦਨਸ਼ੀਲ ਕਵੀ ਦਾ ਸਹਿਜ ਪ੍ਰਗਟਾ ਚਮਤਕਾਰੀ ਪ੍ਰਭਾਵ ਰੱਖਦਾ ਹੈ।

ਪੰਜਾਬ ਜੋ ਖੇਤਾਂ ਵਿਚ ਮੁੜ੍ਹਕਾ ਬਣ ਕੇ ਡੁੱਲ੍ਹਦਾ ਸੀ
ਗੁਰਦੁਆਰੇ ਦੇ ਸੰਖ ਵਿਚੋਂ ਬੋਲਦਾ ਸੀ
ਮੰਦਰ ਦੇ ਘੜਿਆਲ ਦੀ ਆਵਾਜ਼ ਨਾਲ ਸੌਂਦਾ ਸੀ
ਮੁੱਲਾ ਦੀ ਵਾਂਗ ਨਾਲ ਜਾਗਦਾ ਸੀ
ਮੇਲੇ ਵਿਚ ਗੱਭਰੂ ਵਾਂਗ ਭੰਗੜਾ ਪਾਉਂਦਾ ਸੀ
ਮੁਟਿਆਰ ਦੀ ਅੱਡੀ ਵਾਂਗ ਗਿੱਧੇ ਵਿਚ ਨੱਚਦਾ ਸੀ।
ਆਏ ਗਏ ਦੇ ਸੁਆਗਤ ਲਈ

ਖੇਸ-ਦਰੀਆਂ ਦੀ ਥਾਂ

ਦਿਲ ਵਿਛਾ ਦਿੰਦਾ ਸੀ।

... ...

ਉਹ ਜੋ ਡੌਲੇ ’ਤੇ ਬੰਨ੍ਹਿਆ ਸੋਨੇ ਦਾ ਤਵੀਤ ਸੀ।

ਕਿੱਥੇ ਗੁੰਮ ਹੋ ਗਿਆ ਹੈ?

ਪੰਜਾਬ ਦੀ ਵਿਕਟ ਸਮੱਸਿਆ ਨੂੰ ਪੇਸ਼ ਕਰਨ ਲਈ ਕਵੀ ਨੂੰ ਕਈ ਪੱਧਰਾਂ ’ਤੇ ਜੂਝਣਾ ਪੈਂਦਾ ਹੈ। ਪ੍ਰਤਿਬੱਧ ਕਵੀ ਇਸ ਗੁੰਝਲਦਾਰ ਪ੍ਰਸਥਿਤੀ ਵਿਚੋਂ ਸਾਰੀਆਂ ਧਿਰਾਂ ਦੇ ਚਿਹਰੇ ਪਛਾਨਣ ਲਈ ਯਤਨਸ਼ੀਲ ਹੈ। ਕਦੀ ਉਹ ਆਪਣੇ ਯਤਨ ਵਿਚ ਸਫ਼ਲ ਹੁੰਦਾ ਹੈ ਤੇ ਕਦੇ ਅਸਫ਼ਲ। ਕੁਝ ਕਵੀ, ਇਉਂ ਪ੍ਰਤੀਤ ਹੁੰਦਾ ਹੈ ਕਿ ਸੁਣੀਆਂ ਸੁਣਾਈਆਂ ਨੂੰ ਆਧਾਰ ਬਣਾ ਕੇ ਪ੍ਰਸਥਿਤੀਆਂ ਦੇ ਚਿੱਤਰਣ ਵੱਲ ਰੁਚਿਤ ਹੁੰਦੇ ਹਨ। ਅਜਿਹੀ ਹਾਲਤ ਵਿਚ ਸੰਪ੍ਰਦਾਇਕ ਰੰਗਤ ਚੜ੍ਹ ਜਾਣ ਦਾ ਖ਼ਤਰਾ ਹਮੇਸ਼ਾ ਬਣਿਆ ਰਹਿੰਦਾ ਹੈ। ਇਹ ਖ਼ਤਰਾ ਵਿਦੇਸ਼ ਵਸਦੇ ਕਵੀਆਂ ਲਈ ਹੋਰ ਵੀ ਵਧੇਰੇ ਹੈ। ਰਵਿੰਦਰ ਰਵੀ ਤੇ ਰਣਜੀਤ ਮਾਧੋਪੁਰੀ ਦੀਆਂ ਕਵਿਤਾਵਾਂ ਵਿਚ ਇਹ ਖ਼ਤਰਾ ਦੇਖਿਆ ਜਾ ਸਕਦਾ ਹੈ। ਰਵਿੰਦਰ ਰਵੀ ਤਾਂ ਕਥਨੀ ਤੇ ਕਰਨੀ ਦੇ ਦੁਫਾੜ ਉੱਪਰ ਹੀ ਸਮੁੱਚੀ ਜ਼ਿੰਮੇਵਾਰੀ ਸੁੱਟ ਦਿੰਦਾ ਹੈ, ਤੇ ਇਉਂ ਸਾਰੀ ਸਥਿਤੀ ਨੂੰ ਇਕ ਸਦਾਚਾਰਕ ਸੂਤਰ ਵਿਚ ਬੰਨ੍ਹਣ ਦਾ ਯਤਨ ਕਰਦਾ ਹੈ।

ਉਹ ਜਦੋਂ ਹਲ਼ ਚੁੱਕਦਾ ਹੈ,

ਖੇਤ ’ਚੋਂ ਲਾਸ਼ ਭੁੜਕ ਪੈਂਦੀ ਹੈ!

ਉਸਦੇ ਅੰਦਰ ਕੁਝ ਟੁੱਟਣ, ਖੁੱਸਣ,

ਭੁਰਨ, ਰੁੱਸਣ ਲੱਗ ਪੈਂਦਾ ਹੈ।

ਉਸ ਦੇ ਅੰਦਰੋਂ ਸੇਕ ਉੱਠਦਾ ਹੈ,

ਜਲਨ ਹੁੰਦੀ ਹੈ,

ਪਰ ਭਾਂਬੜ ਵਿਖਾਈ ਨਹੀਂ ਦਿੰਦੇ

... ...

ਆਪਣੀ ਸੋਚ ਤੇ ਆਪਣੇ ਅਮਲ ਵਿਚਕਾਰ,

ਇਕ ਭਿਆਨਕ ਯੁੱਧ ਲੜ ਰਿਹਾ ਹਾਂ।

ਮੈਂ ਕੀ ਕਰ ਰਿਹਾ ਹਾਂ? ? ?

ਮਾਧੋਪੁਰੀ ਦੀ ਕਵਿਤਾ ‘ਆਉ ਪਿੰਡ ਚਲੀਏ’ ਇਕ ਤਰ੍ਹਾਂ ਨਾਲ ਵਿਰਲਾਪ ਬਣ ਕੇ ਰਹਿ ਗਈ ਹੈ। ਇਸ ਕਵਿਤਾ ਵਿਚ ਕੁਰਸੀ ਦੇ ਭੁੱਖੇ ਸਰਕਾਰੀ ਤੰਤਰ ਉੱਪਰ ਵਿਅੰਗ ਬਾਣ ਵਰਸਾਏ ਗਏ ਹਨ। ਨਾਲ ਹੀ ਪੰਜਾਬ ਵਿਚ ਪੁਲਿਸ ਰਾਜ ਦੀਆਂ ਜ਼ਿਆਦਤੀਆਂ ਦਾ ਤੀਬਰ ਅਹਿਸਾਸ ਕਰਵਾਇਆ ਗਿਆ ਹੈ। ਪਰ ਧਰਮ ਹੇਤ ਲੜ ਰਹੇ ਪਿੰਡ ਨੂੰ ਅਣਜਾਣ ਤੇ ‘ਭੋਲਾ’ ਵੀ ਸਿੱਧ ਕੀਤਾ ਗਿਆ ਹੈ। ਕੀ ਸੱਚਮੁੱਚ ਹੀ ਅਜਿਹਾ ਹੈ? ਪ੍ਰਸ਼ਨ ਬੜਾ ਗੰਭੀਰ ਹੈ।

ਮੇਰਾ ਪਿੰਡ ਬਹੁਤ ਭੋਲਾ ਹੈ---

ਉਹ ਧਰਮ ਹੇਤ ਜੂਝਣ ਤਾਂ ਜਾਣਦਾ ਹੈ,

ਪਰ ਉਹ ਨਹੀਂ ਜਾਣਦਾ ਕਿ ਸਟੇਨਗੰਨ ’ਚੋਂ

ਨਿਕਲੀ ਗੋਲੀ ਦਾ ਕੋਈ ਵੀ ਧਰਮ ਨਹੀਂ ਹੁੰਦਾ

ਕੁਰਸੀ ਦੀ ਕੋਈ ਜ਼ਮੀਰ ਨਹੀਂ ਹੁੰਦੀ

ਜਿਨ੍ਹਾਂ ਕਵੀਆਂ ਨੇ ‘ਗ਼ਜ਼ਲ ਦਾ ਝੰਡਾ’ ਚੁੱਕਿਆ ਹੋਇਆ ਹੈ ਉਨ੍ਹਾਂ ਵਿਚੋਂ ਇਕ ਸਿਰਕੱਢ ਕਵੀ ਉਲਫਤ ਬਾਜਵਾ ਹੈ। ਅਰੂਜ਼ ਉੱਪਰ ਉਸ ਨੂੰ ਅਧਿਕਾਰ ਪ੍ਰਾਪਤ ਹੈ ਹੀ। ਉਹ ਬੜੇ ਮਾਰਮਿਕ ਸਮਾਜਿਕ ਵਿਸਿਆਂ ਦੀ ਚੋਣ ਕਰਦਾ ਹੈ। ਭਾਵੇਂ ਕਈ ਵਾਰ ਦ੍ਰਿਸ਼ਟੀਕੋਣ ਦਾ ਕਚੇਰਾਪਣ ਉਸ ਦੀ ਗ਼ਜ਼ਲ ਦੀ ਕਚਿਆਈ ਦਾ ਕਾਰਨ ਵੀ ਬਣਦਾ ਹੈ। ਪੰਜਾਬ ਦੇ ਮਸਲੇ ਉੱਪਰ ਉਸ ਨੇ ਸੁਲਝੀਆਂ ਗ਼ਜ਼ਲਾਂ ਕਹੀਆਂ ਹਨ, ਜਿਨ੍ਹਾਂ ਵਿਚ ਉਸ ਨੇ ਮਾਨਵੀ ਪੱਖਾਂ ਨੂੰ ਉਜਾਗਰ ਕਰਕੇ ਮਾਨਵ ਵਿਰੋਧੀ ਪੱਖਾਂ ਉੱਪਰ ਕਰਾਰੀ ਚੋਟ ਕੀਤੀ ਹੈ। ਉਦਾਹਰਣ ਲਈ,

ਜਦੋਂ ਨਹੱਕ ਮਰੇ ਕੋਈ ਤਾਂ ਦਿਲ ਮੇਰਾ ਤੜਪਦਾ ਹੈ।

ਸਿਤਮ ਜਦ ਵੀ ਕਰੇ ਕੋਈ ਤਾਂ ਦਿਲ ਮੇਰਾ ਤੜਪਦਾ ਹੈ।

ਮਿਲੇ ਜਦ ਮਾਣ ਕਾਤਿਲ ਨੂੰ, ਮਿਲੇ ਨਿਰਦੋਸ਼ ਨੂੰ ਫਾਂਸੀ,

ਕਰੇ ਕੋਈ, ਭਰੇ ਕੋਈ ਤਾਂ ਦਿਲ ਮੇਰਾ ਤੜਪਦਾ ਹੈ।

… … … … … …

ਮਰੇ ਜਦ ਵੀ ਕੋਈ ‘ਉਲਫ਼ਤ’ ਮਰੇ ਆਰਾਮ ਦੀ ਮੌਤੇ,

ਤੜਪ ਕੇ ਜਦ ਮਰੇ ਕੋਈ ਤਾਂ ਦਿਲ ਮੇਰਾ ਤੜਪਦਾ ਹੈ।

ਦੁਆਬੇ ਦੇ ਕਵੀਆਂ ਵਿਚੋਂ ਇਕਵਿੰਦਰ, ਗੁਰਦਿਆਲ ਰੌਸ਼ਨ, ਡੀ. ਆਰ. ਧਵਨ, ਦਰਸ਼ਨ ਖਟਕੜ, ਨਾਜਰ ਸਿੰਘ ਤਰਸ ਤੇ ਮਨਜੀਤ ਕਾਦਰ ਨੇ ਵੀ ਪੰਜਾਬ ਬਾਰੇ ਲਿਖੇ ਗੀਤਾਂ ਤੇ ਗ਼ਜ਼ਲਾਂ ਵਿਚ ਮਾਨਵੀ ਕਦਰਾਂ ਕੀਮਤਾਂ ਦੇ ਹੁੰਦੇ ਖ਼ੂਨ ਦਾ ਵਾਸਤਾ ਪਾ ਕੇ ਇਸ ਪਾਸੇ ਤੋਂ ਤੋਬਾ ਕਰਵਾਉਣ ਦਾ ਯਤਨ ਕੀਤਾ ਹੈ। ਇਕਵਿੰਦਰ ਨੇ ਬਾੜ ਵਲੋਂ ਖੇਤ ਨੂੰ ਹੀ ਖਾਧੇ ਜਾਣ ਦਾ ਚਰਚਾ ਕੀਤਾ ਹੈ। ਗੁਰਦਿਆਲ ਰੌਸ਼ਨ ਦੇ ਬੋਲ ਪੰਜਾਬ ਦੇ ਲੋਕਾਂ ਦੀ ਹੂਕ ਬਣ ਚੁੱਕੇ ਹਨ। ਡੀ.ਆਰ. ਧਵਨ ਦੀ ਗ਼ਜ਼ਲ ਵਿਚ ਤਿੱਖੀ ਸੁਰ ਹੇਠ ਤੀਬਰ ਮਾਨਸਿਕ ਵੇਦਨਾ ਹਿਲਾ ਕੇ ਰੱਖ ਦੇਣ ਵਾਲੀ ਹੈ। ਮਨਜੀਤ ਕਾਦਰ ਭੁਲਾਏ ਜਾ ਰਹੇ ਸਭਿਆਚਾਰਕ ਪਿਛੋਕੜ ਦਾ ਚਿੱਤਰਕਾਰ ਹੈ। ਇਨ੍ਹਾਂ ਕਵੀਆਂ ਦੀਆਂ ਕੁਝ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ।

(ੳ) ਖਵਰਿਆ! ਆਉਣ ਵਾਲੇ ਵਕਤ ਵਿਚ ਆਉਣੀ ਹੈ ਕੀ ਆਫ਼ਤ?

ਕਿ ਪਹਿਰੇਦਾਰ ਵੀ ਡਰਦੇ ਨੇ ਰਾਤਾਂ ਕਾਲੀਆਂ ਕੋਲੋਂ।

… … … … … …

ਇਵੇਂ ਰਖਵਾਲੀਆਂ ਹੁੰਦਿਆਂ ਵੀ ਜੇ ਗੁਲਸ਼ਨ ਉਜੜਣਾ ਹੈ,

ਤਾਂ ਫਿਰ ਬੁੜਿਆ ਪਿਆ ਕੀ ਇਨ੍ਹਾਂ ਰਖਵਾਲੀਆਂ ਕੋਲੋਂ।

… … … … … …

ਇਵੇਂ ਯਾ-ਰੱਬ ਨਾ ਲੰਘੀਏ ਕਦੇ ਵੀ ਫੇਰ 'ਇਕਵਿੰਦਰ',

ਜਿਵੇਂ ਲੰਘੇ 'ਚੁਰਾਸੀ' ਵਿਚ ਅਸੀਂ ਸੰਤਾਲੀਆਂ ਕੋਲੋਂ। (ਇਕਵਿੰਦਰ ਸਿੰਘ)

(ਅ) ਆਪਣੇ ਘਰਾਂ ਦੇ ਵਿਚ ਹੀ ਕੈਦੀ ਬਣੇ ਨੇ ਲੋਕੀਂ,

ਕੈਸੀ ਵਗੀ ਹੈ ਵਾਉ ਪੰਜਾਬ ਜਲ ਰਿਹਾ ਹੈ।

ਨਫ਼ਰਤ ਫੈਲਾ ਰਹੇ ਹੋ ਮਜ਼ਹਬ ਦੀ ਓਟ ਲੈ ਲੈ,

'ਰੌਸ਼ਨ' ਨਾ ਤੇਲ ਪਾਉ ਪੰਜਾਬ ਜਲ ਰਿਹਾ ਹੈ। (ਗੁਰਦਿਆਲ ਰੌਸ਼ਨ)

(ੲ) ਇਹਨੇ ਘਰ ਨਹੀਂ, ਦਿਲ ਵੀ ਕਰ ਦੇਣੇ ਵੱਖਰੇ,

ਇਹ ਵਿਹੜੇ 'ਚ ਸਾਡੇ ਨਾ ਕੰਧਾਂ ਪੁਆਓ।

ਹਨੇਰੇ 'ਚ ਟੱਕਰਾਂ ਹੀ ਮਾਰੋਗੇ ਇਕ ਦਿਨ,

ਨਾ ਜਗਦੇ ਇਹ ਦੀਵੇ ਘਰਾਂ ਦੇ ਬੁਝਾਉ।

ਇਹ ਸੜਕਾਂ, ਚੁਰਾਹੇ "ਧਵਨ" ਸੁੰਨੇ ਕਿਉਂ ਨੇ,

ਕਿਤੇ ਰੌਣਕਾਂ ਨੂੰ ਬੁਲਾਉ-ਬੁਲਾਉ। (ਡੀ. ਆਰ. ਧਵਨ)

(ਸ) ਕਬਰਾਂ ਦੇ ਵਿਚ ਬਦਲਣ ਲੱਗੇ, ਬਹੁਤੇ ਸ਼ਹਿਰ ਗਰਾਂ।

ਆਦਮ ਵਿਚਲਾ ਨਫ਼ਸ ਜਾਗਿਆ, ਲੈ ਅੱਲ੍ਹਾ ਦੀ ਥਾਂ।

ਕਿ ਅੱਲ੍ਹਾ ਸੌਂ ਰਿਹਾ। (ਮਨਜੀਤ ਕਾਦਰ)

ਸੰਪ੍ਰਦਾਇਕ ਮਾਹੌਲ ਪੰਜਾਬੀ ਸਮਾਜ ਲਈ ਮਾਰੂ ਸਾਬਤ ਹੁੰਦਾ ਆ ਰਿਹਾ ਹੈ ਤੇ ਹੁਣ ਵੀ ਹੋ ਰਿਹਾ ਹੈ। ਇਸ ਦੀ ਚਰਮ-ਸੀਮਾ ਪੰਜਾਬ ਸੰਕਟ ਵਾਲਾ ਮਾਹੌਲ ਹੈ। ਪੰਜਾਬ ਤੋਂ ਇਲਾਵਾ ਕਵੀ ਦੇਸ਼ ਦੇ ਦੂਸਰੇ ਹਿੱਸਿਆਂ ਵਿਚ ਹੋ ਰਹੇ ਸੰਪ੍ਰਦਾਇਕ ਦੰਗਿਆਂ ਤੋਂ ਵੀ ਅਣਭਿੱਜ ਨਹੀਂ। ਉਹ ਦੰਗਿਆਂ ਦਾ ਚਿੱਤਰਣ ਕਰਦਾ ਹੋਇਆ ਅਨੇਕਾਂ ਮਾਨਵਵਾਦੀ ਪ੍ਰਸ਼ਨ ਵੀ ਉਠਾਉਂਦਾ ਹੈ। ਉਹ ਹੋ ਰਹੇ ਦੰਗਿਆਂ ਵਿਚ ਅਜੋਕੀ ਸੱਤਾ ਵੱਲੋਂ ਨਿਭਾਏ ਸ਼ੰਕਾਲੂ ਰੋਲ ਉੱਪਰ ਵੀ ਸਵਾਲੀਆ ਨਿਸ਼ਾਨ ਲਾਉਂਦਾ ਹੈ। ਕਦੇ ਉਸ ਦਾ ਬਿਆਨ ਸਿੱਧਾ ਸਪਾਟ ਹੁੰਦਾ ਹੈ ਤੇ ਕਦੇ ਉਹ ਅਨੇਕਾਂ ਵਕ੍ਰੋਕਤੀਆਂ ਇਜ਼ਾਦ ਕਰਦਾ ਹੈ। ਇਕ ਵਕ੍ਰੋਕਤੀ ਪੱਤਰ ਸ਼ੈਲੀ ਰਾਹੀਂ ਸਾਹਮਣੇ ਆਉਂਦੀ ਹੈ।

ਕੀ ਪਤਾ ਕਦੋਂ ਕੋਈ ਹਮਸਫ਼ਰ

ਵੱਖੀ 'ਚ ਛੁਰਾ ਖੋਭ ਦਏ,

ਜ਼ਹਿਰੀ ਪੌਣਾਂ 'ਚ ਜਦੋਂ ਚੌਹੀਂ-ਦਿਸ਼ਾਵੀਂ

ਨਫ਼ਰਤ ਦੇ ਜੰਗਲ ਉੱਗ ਖਲੋਣ,

ਚੰਦਰੇ ਮੌਸਮ ਇਕ ਪਲ 'ਚ ਸੰਘਣੀ ਧੁੰਦ

ਦੂਜੇ ਪਲ ਅੰਬਰੋਂ ਅੱਗ ਵਰ੍ਹਦੀ ਹੋਵੇ,

ਚੱਲ ਕੇ ਆਵਾਂ ਤਾਂ ਕਿਵੇਂ?

ਸ਼ਹਿਰ ਵਿਚੀਂ ਗੁਜ਼ਰਾਂ ਤਾਂ ਕਿੱਦਾਂ। (ਤਰਸੇਮ ਰਾਣਾ)

ਸਮਾਜਿਕ ਚੇਤਨਾ ਤੇ ਕਮਜ਼ੋਰੀ ਕਾਰਨ ਆਮ ਆਦਮੀ ਨੂੰ ਆਸਾਨੀ ਨਾਲ ਹੀ ਸੰਪ੍ਰਦਾਇਕਤਾ ਦੀ ਲਪੇਟ ਵਿਚ ਲਿਆਂਦਾ ਜਾ ਸਕਦਾ ਹੈ ਦੁਖਾਂਤ ਇਹ ਹੈ ਕਿ ਇਸ ਚੇਤਨਾ ਨੂੰ ਬਣਾਈ ਰੱਖਣ ਲਈ ਸੰਗਠਿਤ ਪ੍ਰਯਤਨ ਕੀਤੇ ਜਾਂਦੇ ਹਨ ਤੇ ਕਈ ਵਾਰ ਇਸ ਨੂੰ ਰਾਜਨੀਤਿਕ ਸ਼ਹਿ ਵੀ ਪ੍ਰਾਪਤ ਹੁੰਦੀ ਹੈ। ਅਜਿਹੀ ਸਥਿਤੀ ਵਿਚ ਕਵੀ ਆਪਣੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦਾ। ਇਹ ਵੀ ਸੱਚ ਹੈ ਕਿ ਅਜਿਹੀ ਰਚਨਾ ਦਾ ਮੁੱਲ ਉਦੋਂ ਤੱਕ ਰਹੇਗਾ ਜਦੋਂ ਤੱਕ ਸੰਪ੍ਰਦਾਇਕਤਾ ਮੂਲੋਂ ਹੀ ਖਤਮ ਨਹੀਂ ਹੋ ਜਾਂਦੀ।

ਸ਼ਹਿਰ ਕੋਈ ਵੀ ਹੋਵੇ

ਭਵਿੰਡੀ, ਮੇਰਠ ਜਾਂ ਨਾਗਪੁਰ

ਪੱਜ ਕੋਈ ਵੀ ਹੋਵੇ

ਮਸਜਿਦ ਦੇ ਗੁਬੰਦ ਤੋਂ ਉੱਚਾ ਵਾਜੇ ਦਾ ਸ਼ੋਰ

ਪਿੱਪਲ ਦੇ ਟਾਹਣੇ ਤੋਂ ਉੱਚਾ ਤਾਜੀਆਂ ਦਾ ਜਲੂਸ

ਗਊ ਮਾਤਾ ਦੀ ਰੱਖਿਆ

ਬੱਚਿਆਂ ਦਾ ਪਤੰਗ ਲੁੱਟਣ ਤੇ ਝਗੜਾ

ਜਾਂ ਕੋਈ ਹੋਰ

ਪਹਿਲਾਂ ਹੀ ਤਿਆਰ ਹੁੰਦੇ ਨੇ

ਛੁਰੇ, ਬਰਛੇ, ਦਸਤੀ ਬੰਬ ਤੇ ਪਿਸਤੌਲ। (ਸ. ਸ. ਮੀਸ਼ਾ)

ਅਜੋਕਾ ਪੰਜਾਬੀ ਕਵੀ ਸਮਾਜਿਕ ਤੌਰ ’ਤੇ ਵਧੇਰੇ ਚੇਤੰਨ ਹੈ। ਪੰਜਾਬੀ ਦੀ ਅਜੋਕੀ ਕਵਿਤਾ ਦਾ ਪ੍ਰਮੁੱਖ ਸੁਰ ਅਗਰਗਾਮੀ ਹੈ। ਉਪਰੋਕਤ ਭੱਖਦੇ ਮਸਲਿਆਂ ਦੇ ਨਾਲ ਨਾਲ ਕਵੀਆਂ ਵੱਲੋਂ ਚਿਰ-ਸਥਾਈ ਮਸਲਿਆਂ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਗਿਆ। ਹੁਣ ਦੇ ਬਹੁਤੇ ਕਵੀ ਉਪਰਲੇ ਵਰਗ ਨਾਲ ਭਿਆਲੀ ਪਾਉਣ ਦੀ ਥਾਂ ਆਪਣੀਆਂ ਮੱਧਵਰਗੀ ਪ੍ਰਵਿਰਤੀਆਂ ਉੱਪਰ ਕਾਬੂ ਪਾ ਕੇ ਆਮ ਆਦਮੀ ਦਾ ਸਾਥ ਦੇਣਾ ਆਪਣਾ ਫ਼ਰਜ਼ ਸਮਝਦੇ ਹਨ। ਇਹ ਉਨ੍ਹਾਂ ਦੀ ਅਗਰਗਾਮੀ ਸੋਚ ਦਾ ਨਤੀਜਾ ਹੈ। ਆਮ ਆਦਮੀ ਸਦੀਆਂ ਤੋਂ ਲਿਤਾੜਿਆ ਜਾਂਦਾ ਰਿਹਾ ਹੈ। ਰਾਜ ਸੱਤਾ ਕਾਇਮ ਕਰਨ ਜਾਂ ਕਾਇਮ ਰੱਖਣ ਲਈ ਉਸਨੂੰ ਜੰਗ ਵਿਚ ਝੋਕਿਆ ਗਿਆ ਹੈ। ਸਭਿਆਤਾਵਾਂ ਦੀ ਉਸਾਰੀ ਸਮੇਂ ਉਸਦੀ ਨੀਹਾਂ ਵਿਚ ਚਿਣਾਈ ਹੁੰਦੀ ਰਹੀ ਹੈ। ਇਸ ਸਭ ਕੁਝ ਦੇ ਇਨਾਮ ਵਿਚ ਉਸਨੂੰ ਮੂੜ੍ਹ, ਗੰਵਾਰ ਤੇ ਪਸ਼ੂ ਸਮਝਿਆ ਜਾਂਦਾ ਰਿਹਾ ਹੈ। ਅਜੋਕਾ ਕਵੀ ਇਸ ਸੱਚ ਨੂੰ ਪਛਾਣ ਕੇ ਇਸ ਆਦਮੀ ਦੀ ਵੱਖਰੀ ਪਛਾਣ ਚਿੱਤਰਦਾ ਹੈ। ਉਹ ਲਿਤਾੜਿਆਂ ਦੀ ਜ਼ੁਬਾਨ ਬਣਦਾ ਹੈ। ਕਈ ਵਾਰ ਅਜਿਹਾ ਕਰਦਿਆਂ ਰੁਮਾਂਟਿਕ ਵੀ ਹੋ ਜਾਂਦਾ ਹੈ। ਇਸ ਰੁਮਾਂਟਿਕਤਾ ਰਾਹੀਂ ਸਧਾਰਣ ਮਨੁੱਖ ਦੇ ਵਿਕਟ ਯਥਾਰਥਕ ਜੀਵਨ ਵਿਚੋਂ ਪੈਦਾ ਹੋਈ ਤਾਂਘ ਦਾ ਸਮੂਰਤੀਕਰਣ ਵੀ ਹੁੰਦਾ ਹੈ ਅਤੇ ਕਈ ਥਾਂ ਕਵੀ ਦੀ ਰੁਮਾਂਟਿਕ ਬਿਰਤੀ ਦੇ ਦਰਸ਼ਨ ਵੀ ਹੁੰਦੇ ਹਨ। ਓਮੀ ਦ੍ਵਿਵੈਦੀ ਇਸ ਮਨੁੱਖ ਬਾਰੇ ਕੁਝ ਇਉਂ ਸੋਚਦਾ ਹੈ,

ਤੇ ਉਹ ਆਮ ਆਦਮੀ ਹੀ ਹੁੰਦਾ ਹੈ

ਜੋ ਕਦੇ ਜ਼ਹਿਰ ਡੀਕਦਾ ਹੈ

ਕਦੇ ਸੂਲੀ ਚੜ੍ਹਦਾ ਹੈ

ਗਿੱਲੇ ਗੋਟ੍ਹੇ ਵਾਂਗ ਧੁੱਖਦਾ ਹੈ

ਗੁਲਾਬ ਵਾਂਗ ਮਹਿਕਦਾ ਹੇ

ਤੇ ਫੁੱਲ 'ਤੇ ਪਈ ਤ੍ਰੇਲ ਵਾਂਗ

ਬੂੰਦ ਬੂੰਦ ਕਿਰਦਾ ਹੈ।

ਸਾਡੇ ਸਮਾਜ ਵਿਚ ਪ੍ਰਗਤੀਵਾਦੀ ਵਿਚਾਰਧਾਰਾ ਦਾ ਵਿਰੋਧ ਕੇਵਲ ਰਾਜਨੀਤਿਕ ਜਾਂ ਧਾਰਮਿਕ ਪੱਧਰ ਤੱਕ ਹੀ ਸੀਮਤ ਨਹੀਂ। ਕਈ ਵਾਰ ਇਹ ਵਿਰੋਧ ਸਿੱਧੇ ਜਾਂ ਅਸਿੱਧੇ ਢੰਗ ਨਾਲ ਸਾਹਿਤ ਵਿਚ ਵੀ ਪ੍ਰਵੇਸ਼ ਕਰ ਜਾਂਦਾ ਹੈ। ਪ੍ਰਗਤੀਵਾਦੀ ਸਾਹਿਤਕਾਰ ਹਰ ਤਰ੍ਹਾਂ ਦੇ ਵਿਰੋਧਾਂ ਤੋਂ ਸੁਚੇਤ ਹੋ ਕੇ ਆਪਣੇ ਉੱਪਰ ਕੀਤੇ ਵਾਰਾਂ ਦਾ ਮੋੜਵਾਂ ਉੱਤਰ ਵੀ ਦਿੰਦਾ ਹੈ। ਕਿਹਾ ਜਾਂਦਾ ਹੈ ਕਿ ਉਹ ਗੱਲਾਂ ਕਰਨ ਜਾਣਦਾ ਹੈ, ਲੋਕ-ਲਹਿਰਾਂ ਨਾਲ ਉਸਦਾ ਦੂਰ ਦਾ ਵਾਸਤਾ ਨਹੀਂ। ਕਦੇ ਉਸਨੂੰ ਸ਼ਬਦਾਂ ਦੇ ਜਾਦੂਗਰ ਦੀ ਉਪਾਧੀ ਮਿਲਦੀ ਹੈ। ਇਹ ਪ੍ਰਗਤੀਵਾਦੀ ਪੰਜਾਬੀ ਕਵੀ ਦੀ ਸਮਰੱਥਾ ਹੀ ਕਹੀ ਜਾਵੇਗੀ ਕਿ ਉਹ ਆਪਣੇ ਉੱਪਰ ਹੋ ਰਹੇ ਵਾਰਾਂ ਨੂੰ ਸਹਿ ਕੇ ਵੀ ਪ੍ਰਤਿਬੱਧਤਾ ਨਿਭਾ ਰਿਹਾ ਹੈ।

ਲੋਕ-ਲਹਿਰ ਤੇ ਕਵਿਤਾ ਇਕ ਸਚਾਈ ਏ

ਇਹ ਸ਼ਬਦ ਆਵਾਰਾ ਕੁੱਤੇ ਨਹੀਂ

ਇਨਕਲਾਬ ਦੇ ਸੂਚਕ ਹਨ

ਤੇਰੀ ਹਸਤੀ ਬੌਣੀ ਹੈ।   (ਹਰਮਿੰਦਰ ਸਿੰਘ ਬੇਦੀ)

ਆਮ ਆਦਮੀ ਦਾ ਇਕ ਰੂਪ ਕਿਸਾਨ ਦਾ ਹੈ। ਉਹ ਅਜੇ ਵੀ ਸਰਕਾਰੀ ਹੱਲਾਸ਼ੇਰੀਆਂ ਤੋਂ ਇਸ ਲਈ ਉਤੇਜਿਤ ਹੁੰਦਾ ਹੈ ਕਿਉਂਕਿ ਆਜ਼ਾਦੀ ਦੇ ਚਾਲੀ ਸਾਲ ਬਾਅਦ ਵੀ ਉਹ ਸਮਾਜਿਕ ਤੇ ਰਾਜਨੀਤਕ ਤੌਰ 'ਤੇ ਚੇਤੰਨ ਨਹੀਂ ਹੈ। ਉਸ ਦਾ ਟਕਰਾਅ ਭਾਂਤ ਭਾਂਤ ਦੇ ਲੁਟੇਰਿਆਂ ਨਾਲ ਹੁੰਦਾ ਹੈ। ਇਨ੍ਹਾਂ ਵਿਚੋਂ ਇਕ ਲੁਟੇਰਾ ਆੜ੍ਹਤੀਆ ਵੀ ਹੈ। ਲੁਟੇਰੇ ਤੇ ਲੁਟੀਂਦੇ ਦੀਆਂ ਟਕਰਾਅ ਵਾਲੀਆਂ ਪ੍ਰਸਥਿਤੀਆਂ ਪਾਠਕ ਨੂੰ ਆਪਣੇ ਢੰਗ ਨਾਲ ਚੇਤੰਨ ਕਰਦੀਆਂ ਹਨ। ਕਿਸਾਨ ਦੇ ਥੁੜ੍ਹਾਂ ਭਰੇ ਜੀਵਨ ਦੇ ਤਰਸੇਵੇਂ ਹਰਜਿੰਦਰ ਅਟਵਾਲ ਦੀ ਕਵਿਤਾ ਵਿਚ ਇਉਂ ਜ਼ੁਬਾਨ ਗ੍ਰਹਿਣ ਕਰਦੇ ਹਨ।

ਅੱਜ

ਉਮਰ ਦੇ ਏਨੇ

ਸਿਆਲ ਤੇ ਹਾੜ੍ਹ

ਬੀਤ ਜਾਣ ਤੇ ਵੀ

ਇਸ ਆਦਮੀ ਦੀਆਂ ਅੱਖਾਂ

ਖੁਸ਼ੀ ਦਾ ਇਕ ਪਲ ਮਾਨਣ ਲਈ

ਉਸੇ ਤਰ੍ਹਾਂ ਤਰਸ ਰਹੀਆਂ ਨੇ

ਜਿਵੇਂ

ਬਬੀਹਾ ਬੂੰਦ ਲਈ

ਰੇਤ ਤੇ ਤੜਫ਼ਦੀ ਮੱਛੀ

ਜਲ ਲਈ

ਜਾਂ

ਰੇਗਿਸਤਾਨ ਦੇ ਟਿੱਬੇ

ਬਾਰਾਂ ਸਾਲਾਂ ਦੀ ਔੜ ਪਿਛੋਂ

ਪਾਣੀ ਦੇ ਇਕ ਘੁੱਟ ਲਈ

ਆਮ ਆਦਮੀ ਦੀ ਫੌਰੀ ਲੋੜ ਆਰਥਿਕ ਹੈ। ਉਸਨੂੰ ਬੌਧਿਕ ਤੇ ਮਾਨਸਿਕ-ਖ਼ੁਰਾਕ ਦੀ ਵੀ ਲੋੜ ਹੈ, ਪਰੰਤੂ ਸਮਕਾਲੀ ਸਮਾਜ ਵਿਚ ਅਜਿਹਾ ਸੰਭਵ ਨਹੀਂ ਕਿਉਂਕਿ ਮਨੁੱਖ ਤਾਂ ਆਪਣੀ ਮਿਹਨਤ ਤੋਂ ਵੀ ਟੁੱਟਾ ਹੋਇਆ ਹੈ। ਫਿਲਾਸਫੀ ਉਪਰਲੀ ਜਮਾਤ ਦੀ ਜਾਗੀਰ ਨਹੀਂ ਹੈ। ਪਰ ਉਪਰਲੀ ਜਮਾਤ ਦੀ ਫਿਲਾਸਫੀ ਤੇ ਹੇਠਲੀ ਜਮਾਤ ਦੀ ਫਿਲਾਸਫੀ ਵਿਚ ਅੰਤਰ ਹੈ। ਆਮ ਆਦਮੀ ਦਾ ਦਰਸ਼ਨ ਪਦਾਰਥਵਾਦੀ ਹੈ। ਹੁਣ ਦੇ ਸਮੇਂ ਲਈ ਸ਼ਾਇਦ ਇਹ ਗੱਲ ਵਧੇਰੇ ਸੱਚ ਹੈ।

ਇਹ ਸ਼ਇਦ ਫ਼ਲਸਫ਼ੇ ਦੀਆਂ ਗੱਲਾਂ ਨੇ

ਤੇ ਸਾਡਾ ਫ਼ਲਸਫ਼ੇ ਨਾਲ ਭਲਾਂ ਕੀ ਨਾਤਾ

ਸਾਡਾ ਫਲਸਫਾ ਤਾਂ

ਰੋਟੀ ਦੀ ਨੁੱਕਰ ਤੋਂ ਸ਼ੁਰੂ ਹੋ ਕੇ

ਓਸ ਤੇ ਆ ਕੇ ਖ਼ਤਮ ਹੋ ਜਾਂਦਾ ਹੈ। (ਜਸਬੀਰ ਧੀਮਾਨ)

ਸ਼ਿਵਦੇਵ ਸੰਧਾਂਵਾਲੀਆ ਇਕ ਪਾਸੇ ਮਜ਼ਦੂਰ ਜਮਾਤ ਦਾ ਯਥਾਰਥ ਪੇਸ਼ ਕਰਦਾ ਹੈ ਪਰ ਨਾਲ ਹੀ ਇਸ ਜਮਾਤ ਦੇ ਉਪਰਲੀ ਸੱਤਾਧਾਰੀ ਜਮਾਤ ਨਾਲ ਦਵੰਦ ਨੂੰ ਵੀ ਅੱਖੋਂ ਉਹਲੇ ਨਹੀਂ ਕਰਦਾ। ਪਰ ਕੁਝ ਗ਼ਜ਼ਲ ਦੀਆਂ ਸੀਮਾਵਾਂ ਕਾਰਣ ਤੇ ਕੁਝ ਰੂਪ ਵਲੋਂ ਸੁਚੇਤ ਨਾ ਹੋਣ ਕਾਰਨ ਪ੍ਰਭਾਵ ਟੁੱਟਵਾਂ ਪੈਂਦਾ ਹੈ। ਗੰਭੀਰਤਾ ਦੂਰ ਤੱਕ ਸਾਥ ਨਹੀਂ ਨਿਭਾਉਂਦੀ :

ਸੁਣਦੇ ਰਹੇ ਭਾਸ਼ਨ ਜਿਨ੍ਹਾਂ ਦੇ ਰਾਤ ਰਾਤ ਭਰ,

ਰੋਟੀ ਮੰਗੀ ਤਾਂ ਹਾਕਮਾਂ ਗੁੱਸਾ ਮਨਾ ਲਿਆ।

ਦੁਨੀਆਂ ਤਾਂ ਲੱਡੂ ਖਾਂਦੀ ਏ ਬੁੱਕਲ ’ਚ ਭੋਰ ਕੇ,

ਇਨ੍ਹਾਂ ਨੇ ਪੂਰਾ ਮੁਲਕ ਹੀ ਲੁੱਟਕੇ ਹੈ ਖਾ ਲਿਆ

... ...

ਚਲ ਉੱਠ ਸਲਾਮ ਆਖ ਕੇ ਮਹਿਫ਼ਲ ਚੋਂ ਖਿਸਕੀਏ,

ਇਕ ਦੂਜੇ ਨਾਲ ਇਨ੍ਹਾਂ ਨੇ ਸਾਨੂੰ ਲੜਾ ਲਿਆ।

ਕਵੀਆਂ ਨੂੰ ਆਪਣੀ ਪ੍ਰਤਿਬੱਧਤਾ ਦਾ ਅਹਿਸਾਸ ਵੀ ਹੈ ਤੇ ਉਸ ਉੱਪਰ ਅਟੱਲ ਵਿਸ਼ਵਾਸ਼ ਵੀ। ਪ੍ਰਤਿਬੱਧ ਲੇਖਕ ਆਪਣੀ ਪ੍ਰਤਿਬੱਧਤਾ ਨਾ ਲੁਕਾਏ ਇਹ ਸ਼ੁਭ ਸ਼ਗਨ ਹੈ, ਪਰ ਆਪਣੇ ਆਪ ਨੂੰ ਕੇਵਲ ਕਥਨ ਤੱਕ ਹੀ ਸੀਮਤ ਕਰ ਲੈਣਾ ਕੋਈ ਕਾਵਿ-ਗੁਣ ਨਹੀਂ ਸਮਝਿਆ ਜਾਵੇਗਾ। ਪਾਸ਼ ਦੀ ਕਵਿਤਾ ਬੜਬੋਲੀ ਹੁੰਦੀ ਹੋਈ ਵੀ ਬੌਧਿਕ ਪ੍ਰਤਿਬੱਧਤਾ ਅਨੁਸਾਰ ਢਲੀ ਭਾਵੁਕਤਾ ਦੇ ਜ਼ੋਰ, ਆਪਣਾ ਸਿੱਕਾ ਜਮਾਉਂਦੀ ਹੈ। ਇਸ ਸੰਗ੍ਰਹਿ ਦੀ ਕਵਿਤਾ “ਪ੍ਰਤਿਬੱਧਤਾ” ਵੀ ਇਸੇ ਦੀ ਉਦਾਹਰਣ ਹੈ :

ਅਸੀਂ ਜ਼ਿੰਦਗੀ, ਬਰਾਬਰੀ ਜਾਂ ਕੁਝ ਵੀ ਹੋਰ

ਏਸੇ ਤਰ੍ਹਾਂ ਸੱਚੀਂ ਮੁੱਚੀਂ ਦਾ ਚਾਹੁੰਦੇ ਹਾਂ

ਜਿਸ ਤਰ੍ਹਾਂ ਸੂਰਜ, ਹਵਾ ਤੇ ਬੱਦਲ

ਘਰਾਂ ਤੇ ਖੇਤਾਂ ਵਿਚ ਸਾਡੇ ਅੰਗ ਸੰਗ ਰਹਿੰਦੇ ਹਨ

ਅਸੀਂ ਓਸ ਤਰ੍ਹਾਂ

ਹਕੂਮਤਾਂ, ਵਿਸ਼ਵਾਸ਼ਾਂ ਤੇ ਖੁਸ਼ੀਆਂ ਨੂੰ

ਆਪਣੇ ਨਾਲ ਨਾਲ ਤੱਕਣਾ ਚਾਹੁੰਦੇ ਹਾਂ

ਡਾਢਿਓ, ਅਸੀਂ ਸਾਰਾ ਕੁਝ ਸੱਚੀਂ ਮੁੱਚੀਂ ਦਾ ਦੇਖਣਾ ਚਾਹੁੰਦੇ ਹਾਂ।

ਇਨ੍ਹਾਂ ਪੰਗਤਿਆਂ ਨੂੰ ਬਲਦੇਵ ਬਾਵਾ, ਡਾ. ਮਨਜੀਤ ਸਿੰਘ, ਬਿਸ਼ਨ ਸਿੰਘ ਉਪਾਸ਼ਕ ਅਤੇ ਮਦਨ ਵੀਰਾ ਦੀਆਂ ਕਵਿਤਾਵਾਂ ਨਾਲ ਜੋੜ ਕੇ ਵੇਖਿਆਂ, ਅਸਲੀ ਪ੍ਰਗਤੀਵਾਦੀ ਕਵਿਤਾ ਅਤੇ ਕੇਵਲ ਕਥਨ-ਪੱਧਰ ਦੀ (ਪ੍ਰਾਪੇਗੰਡਾ) ਕਵਿਤਾ ਦਾ ਅੰਤਰ ਸਪੱਸ਼ਟ ਹੋ ਜਾਂਦਾ ਹੈ :

(ੳ) ਐਪਰ ਦੁਖਿਆਰੀ ਲੋਕਤਾ

ਜਦ ਸੁੱਟ ਦੇਣੇ ਨੇ ਸੰਦ

ਤੇ ਹੱਥਾਂ ਵਿਚ ਹਥਿਆਰ ਚੁੱਕ

ਜਦ ਛੇੜ ਦੇਣੀ ਨੀ ਜੰਗ

ਉਨ੍ਹਾਂ ਕੋਕੜੂ-ਖਾਣੇ ਬਾਜ਼ ਦੇ

ਰੱਖ ਮੁੱਢੋਂ ਵੱਡਣੇ ਖੰਭ

ਤਦ ਪਿੰਡ ਨੇ ਪਾਸਾ ਪਰਤਣਾ

ਤੇ ਨਿਖਰੂ ਇਹਦਾ ਰੰਗ

ਜਦ ਹਰ ਅੱਖ ਅੱਥਰੂ ਲੈ ਕੇ

ਪਾਊ ਜੱਫੀ ਇਹਦੇ ਸੰਗ। (ਬਲਦੇਵ ਬਾਵਾ)

(ਅ) ਕਿਉਂਕਿ ਲੋਕਾਂ ਨੇ ਤਾਂ
ਲੇਖਾ-ਜੋਖਾ ਮੰਗਣਾ ਹੈ
ਆਖਰ ਜੀਊਣ ਲਈ ਤਾਂ ਚਾਹੀਦਾ ਹੈ
ਰੋਟੀ ਕਪੜਾ ਅਤੇ ਮਕਾਨ
ਪਰ ਇਸ ਨਾਲੋਂ ਵੀ ਵੱਧ
ਤਸਕੀਨ ਖੇੜਾ ਅਤੇ ਆਨੰਦ
ਤੇ ਇਹ ਤਾਂ ਹੀ ਮਿਲਦਾ ਹੈ
ਜੇ ਆਪਣੇ ਆਲੇ ਦੁਆਲੇ
ਨਾ ਹੋਵੇ ਮੁਫ਼ਲਸੀ। (ਮਨਜੀਤ ਸਿੰਘ ਡਾ.)

(ੲ) ਕਵਿਤਾ ਆ ਅੱਜ ਉਨ੍ਹਾਂ ਨੂੰ ਮੁਖ਼ਾਤਿਬ ਹੋਈਏ
ਜਿਨ੍ਹਾਂ ਦੀ ਹੋਂਦ ਸਿਮਟ ਕੇ ਰਹਿ ਗਈ ਹੈ
ਬੇਹੇ ਤਰੱਕੇ ਰੋਟੀ ਦੇ ਕੁਝ ਕੁ ਟੁਕੜਿਆਂ ਤੀਕਰ ਹੀ
ਆ ਅੱਜ ਉਨ੍ਹਾਂ ਨੂੰ ਮੁਖ਼ਾਤਿਬ ਹੋਈਏ
ਜਿਨ੍ਹਾਂ ਦੇ ਨਕਸ਼
ਤੇਰੇ ਲਈ ਬੜੇ ਓਪਰੇ ਨੇ
ਪਿਆਰੀ ਕਵਿਤਾ! (ਮਦਨ ਵੀਰਾ)

ਕੁਝ ਕਵੀ ਅਜੇ ਵੀ ਅਜਿਹੇ ਹਨ ਜੋ ਮੋਹਨ ਸਿੰਘ, ਅੰਮ੍ਰਿਤਾ ਵਾਲੇ ਰੁਮਾਂਸਵਾਦੀ ਪ੍ਰਗਤੀਵਾਦ ਦਾ ਹੀ ਅਨੁਸਰਣ ਕਰਦੇ ਹਨ। ਜਦੋਂ ਉਹ ਨਿੱਜੀ ਪਿਆਰ ਨੂੰ ਬਾਹਰੀ ਯਥਾਰਥ ਨਾਲ ਟਕਰਾਉਂਦਾ ਵੇਖਦੇ ਹਨ ਤਾਂ ਇਸ ਟਕਰਾਹਤ ਵਿਚੋਂ ਜੋ ਅਨੇਕਾਂ ਧੁਨੀਆਂ ਪੈਦਾ ਹੁੰਦੀਆਂ ਹਨ ਉਨ੍ਹਾਂ ਨੂੰ ਵੀ ਕਾਵਿ-ਚਿੱਤਰਣ ਵਿਚ ਲੈ ਆਉਂਦੇ ਹਨ। ਪਰ ਧੁਨੀਆਂ ਫੈਲਣ ਦੀ ਬਜਾਏ ਕਈ ਵਾਰ ਇੱਕੋ ਬਿੰਦੂ ਤੇ ਸਿਮਟ ਜਾਂਦੀਆਂ ਹਨ :

ਜਦੋਂ ਸੜਕ 'ਤੇ ਤੁਰੇ ਜਾਂਦੇ ਹਜੂਮ ਦਾ ਸ਼ੋਰ
ਗੋਲੀਆਂ ਦੀ ਆਵਾਜ਼ ਵਿਚ ਖਾਮੋਸ਼ ਹੋ ਗਿਆ ਸੀ
ਤੇ ਮੈਨੂੰ ਜਾਪਿਆ ਸੀ
ਪਿਆਰ ਇਕੱਲ 'ਚੋਂ ਨਹੀਂ, ਹਜੂਮ 'ਚੋਂ ਮਿਲਦੈ।
… … … … …
ਕਿ ਹੁਣ ਤੇਰੇ ਘੁੰਗਰੂਆਂ ਵਾਂਗ ਛਣਕਦੇ ਹਾਸੇ ਵਿਚੋਂ
ਭੁੱਖ ਨਾਲ ਸੁੱਕ ਗਏ ਢਿੱਡਾਂ ਵਿਚੋਂ ਨਿਕਲੀਆਂ

ਚੀਕਾਂ ਸੁਣਾਈ ਦਿੰਦੀਆਂ ਨੇ।   (ਅਵਤਾਰ ਜੌੜਾ)

ਕਵੀ ਦਾਰਸ਼ਨਿਕ ਵੀ ਹੁੰਦਾ ਹੈ ਪਰ ਉਸ ਦਾ ਦਰਸ਼ਨ ਭਾਸ਼ਾਈ ਚਿੰਨ੍ਹਾਂ ਵਿਚੋਂ ਦੀ ਲੰਘ ਕੇ ਬਿੰਬਾਂ ਰਾਹੀਂ ਸਮੂਰਤ ਹੋ ਕੇ ਸੁਹਜਮਈ ਅਰਥ ਗ੍ਰਹਿਣ ਕਰਦਾ ਹੈ। ਕਈ ਵਾਰ ਦਾਰਸ਼ਨਿਕ ਭਾਵਵਾਚਕਤਾ ਕਾਵਿਕਤਾ ਦੀ ਅਣਹੋਂਦ ਵਿਚ ਭਾਵਵਾਚਕਤਾ ਤੱਕ ਦਾ ਸਫ਼ਰ ਕਰ ਕੇ ਰਹਿ ਜਾਂਦੀ ਹੈ, ਤੇ ਸੁਹਜਮਈ ਸੰਦੇਸ਼ ਅਧੂਰਾ ਰਹਿ ਜਾਂਦਾ ਹੈ। ਕਾਵਿ-ਪ੍ਰਕ੍ਰਿਆ ਦੌਰਾਨ ਜੇ ਕੋਈ ਕਵੀ ਮੂਲ ਦਰਸ਼ਨ ਨੂੰ ਵੀ ਬਣਾਈ ਰੱਖਦਾ ਹੈ ਤਾਂ ਇਹ ਉਸਦੀ ਸਮਰੱਥਾ ਹੋਵੇਗੀ। ਅਜਿਹੇ ਕਵੀਆਂ ਲਈ ਸ਼ਬਦ ਇਕ ਮਾਧਿਅਮ ਹੈ ਜਿਸ ਰਾਹੀਂ ਜ਼ਿੰਦਗੀ ਦਾ ਨਿੱਘ ਡੂੰਘੇ ਅਰਥ ਗ੍ਰਹਿਣ ਕਰਦਾ ਹੈ। ਕਾਵਿਕ ਡੂੰਘਾਈਆਂ ਪਿੱਛੇ ਸਪੱਸ਼ਟ ਦਾਰਸ਼ਨਿਕਤਾ ਦਾ ਬਹੁਤ ਵੱਡਾ ਹੱਥ ਹੁੰਦਾ ਹੈ :

ਹੁਣ ਮੈਂ ਅੱਖਾਂ 'ਚ ਅੱਖਾਂ ਪਾ ਕੇ ਵੇਖਦਾ ਹਾਂ

ਇਨ੍ਹਾਂ ਅੱਖਾਂ 'ਚ ਮਘਦੀ ਤੀਬਰ ਪੀੜਾ ਹੈ

ਜਿਵੇਂ ਬੁਲ੍ਹ ਟੁੱਕਦੀ ਹਉਕਿਆਂ ਨੂੰ ਠੱਲ੍ਹਦੀ ਕਸੀਸ

ਜਿਵੇਂ ਉਹ ਆਖ ਨਹੀਂ ਸਕਦੇ :

"ਸਾਡੇ ਜਨਮਦਾਤਾ ਦੀ ਸੰਤਾਨ

ਅਸੀਂ ਸ਼ਬਦ ਤੇਰੇ ਬਜ਼ੁਰਗਾਂ ਦੇ ਸਫ਼ੀਰ

ਆਪਣੇ ਅਰਥ ਮੰਗਦੇ ਹਾਂ।

ਹੁਣ ਮੇਰੇ ਹੱਥਾ 'ਚ ਨਿੱਘ ਵੀ ਹੈ

ਤੇ ਉੱਠ ਕੇ ਦਰ ਖੋਲ੍ਹਣ ਦੀ ਤਾਕਤ ਵੀ

ਮੇਰੀਆਂ ਅੱਖਾਂ 'ਚ ਪਹਿਲੇ ਇਕਰਾਰ ਦੀ ਚਿਲਕਨ

ਜਾਂ ਮੁਸਕਰਾਹਟ ਪੂਰੇ ਹੋਏ ਇੰਤਜ਼ਾਰ ਦੀ।   (ਅਮਰਜੀਤ ਚੰਦਨ)

ਕਵਿਤਾ ਵਿਚ ਸਪਾਟ ਬਿਆਨੀ ਪਦਾਰਥਵਾਦੀ ਦਰਸ਼ਨ ਦੀ ਵੀ ਹੋ ਸਕਦੀ ਹੈ ਤੇ ਰਹੱਸਵਾਦੀ/ ਆਦਰਸ਼ਵਾਦੀ ਦਰਸ਼ਨ ਦੀ ਵੀ। ਰਹੱਸਵਾਦੀ ਦਰਸ਼ਨ ਦੀ ਲੋਰ ਵਿਚ ਕਵੀ ਇਸਦੇ ਨਿਰਾਸ਼ਾਮੁਖੀ ਰੁਝਾਨ ਨੂੰ ਵੀ ਅਤਾਰਕਿਕ ਢੰਗ ਨਾਲ ਪੇਸ਼ ਕਰ ਜਾਂਦਾ ਹੈ। ਇਸ ਸੰਗ੍ਰਹਿ ਵਿਚ ਗੁਰੂਮੇਲ ਦੀ ਕਵਿਤਾ "ਸਿਫ਼ਰ ਸਿਫ਼ਰ" ਇਸ ਦੀ ਜੀਵੰਤ ਉਦਾਹਰਣ ਹੈ। ਕਵਿਤਾ ਸਫ਼ਰ ਤੋਂ ਸਿਫ਼ਰ ਤੱਕ ਦਾ ਫਾਸਲਾ ਤੈਅ ਕਰਦੀ ਹੈ :

ਰਹਿਣ ਦਿਓ

ਜੜ੍ਹ 'ਚ ਮੈਨੂੰ ਦਫ਼ਨ ਹੋਇਆ

ਬੜਾ ਹੈ ਭੈਭੀਤ ਚਿਹਰਾ ਚੇਤਨਾ ਦਾ

ਜੜ੍ਹ ਸਿਫ਼ਰ ਤੇ

ਸਫ਼ਰ ਹੈ ਇਹ ਚੇਤਨਾ

...   .

ਵਿਸ਼ਵ ਦੀ ਕਰਕੇ ਜ਼ਿਆਰਤ

ਮੁੜ ਸਿਫ਼ਰ ਵਿਚ ਆ ਸਮਾਵਾਂ।

ਆਧੁਨਿਕ ਸੰਵੇਦਨਾਂ ਨੂੰ ਨਵੇਂ ਰੂਪਾਂ ਵਿਚ ਪ੍ਰਗਟਾਉਣ ਦਾ ਨਾਅਰਾ ਪ੍ਰਯੋਗਵਾਦੀਆਂ ਨੇ ਦਿੱਤਾ। ਇਸ ਨਾਅਰੇ ਨੂੰ ਰੱਦ ਕਰਕੇ ਪੰਜਾਬੀ ਕਵਿਤਾ ਨਵੇਂ ਰਾਹ ਅਪਣਾਅ ਚੁੱਕੀ ਹੈ। ਪਰੰਤੂ ਅਜੇ ਵੀ ਕੁਝ ਕਵੀ ਇਸ ਰਾਹ ਨਾਲ ਜੁੜੇ ਨਜ਼ਰ ਆ ਜਾਂਦੇ ਹਨ। ਇਸ ਨਾਅਰੇ ਹੇਠ ਜੋ ਵੀ ਲਿਖਿਆ ਜਾ ਰਿਹਾ ਹੈ ਬਹੁਤੀ ਵਾਰ ਉਹ ਅਰਥਹੀਣਤਾ ਅਤੇ ਅਸਪੱਸ਼ਟਤਾ ਦਾ ਸ਼ਿਕਾਰ ਹੁੰਦਾ ਹੈ। ਸਾਹਿਤ ਸੰਚਾਰ ਦਾ ਕਰਮ ਟੁੱਟ ਜਾਂਦਾ ਹੈ, ਤੇ "ਆਧੁਨਿਕਤਾ" ਪਾਠਕ ਦੀ ਪਕੜ ਤੋਂ ਬਾਹਰ ਰਹਿ ਜਾਂਦੀ ਹੈ। ਕਵਿਤਾ ਇਕ ਸ਼ਬਦਾਂ ਦੀ ਖੇਡ ਮਾਤਰ ਬਣ ਕੇ ਰਹਿ ਜਾਂਦੀ ਹੈ। ਇਸ ਸੰਗ੍ਰਹਿ ਦੀਆਂ ਕੁਝ ਪੰਗਤੀਆਂ ਇਸ ਦ੍ਰਿਸ਼ਟੀ ਤੋਂ ਵਿਚਾਰੀਆਂ ਜਾ ਸਕਦੀਆਂ ਹਨ। ਇਹ ਆਧੁਨਿਕਤਾ ਤੇ ਅਸਤਿਤਵੀ ਸੰਤਾਪ (ਮੱਧਵਰਗੀ ਮਾਨਸਿਕਤਾ) ਸਾਡੇ ਅਫ਼ਸਰ (ਵਾਦੀ) ਕਵੀਆਂ ਨੂੰ ਬਹੁਤ ਰਾਸ ਆਉਂਦੇ ਹਨ। ਉਹ 'ਫ਼ਰਜ਼' 'ਜ਼ਾਬਤੇ' ਅਤੇ 'ਸਵਿਧਾਨ' ਦਾ ਪਾਠ ਪੜ੍ਹਾਉਂਦੇ ਹੋਏ ਲੋਕਾਂ ਨੂੰ ਉਨ੍ਹਾ ਦਾ ਅਨੁਸਾਰੀ ਬਣਾਉਂਦੇ ਹੋਏ ਆਪ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਆਪਣੇ ਵਰਗ ਦੇ ਕਾਲਪਨਿਕ ਕਾਵਿਕ ਚਿਹਰਿਆਂ ਦੀ ਸਿਰਜਣਾ ਵਿਚ ਰੁਝ ਜਾਂਦੇ ਹਨ। ਇਸ ਸੰਗ੍ਰਹਿ ਦੀਆਂ ਕੁਝ ਇਕ ਕਵਿਤਾਵਾਂ ਨੂੰ ਇਸ ਸੰਦਰਭ ਵਿਚ ਵਿਚਾਰਿਆ ਜਾ ਸਕਦਾ ਹੈ। ਕੁਝ ਕਵੀ "ਹੋਂਦਵਾਦੀ" ਆਧੁਨਿਕਤਾਵਾਦੀ ਦਰਸ਼ਨ ਤੋਂ ਉੱਪਰ ਉੱਠ ਕੇ ਸੱਚ ਦੀ ਭਾਲ ਵਿਚ ਤੁਰੇ ਹਨ। ਪਰ ਸੱਚ ਕਦੇ ਸੰਦਰਭ ਮੁਕਤ ਨਹੀਂ ਹੁੰਦਾ। ਸੱਚ ਕਦੇ ਇਤਿਹਾਸ ਤੇ ਸਮਾਜ ਤੋਂ ਮੁਕਤ ਨਹੀਂ ਹੁੰਦਾ। ਸੱਚ ਦੀ ਭਾਵਵਾਚੀ ਹੋਂਦ ਨਹੀਂ ਹੁੰਦੀ। ਇਸੇ ਲਈ ਕਈ ਕਵੀਆਂ ਦੀਆਂ ਰਚਨਾਵਾਂ ਦਿਮਾਗ਼ੀ ਕਸਰਤ ਬਣ ਕੇ ਰਹਿ ਜਾਂਦੀਆਂ ਹਨ ;

ਦੋਸਤੋ ਮੈਨੂੰ ਸੰਦਰਭ ਮੁਕਤ ਕਰੋ!

ਮੈਂ ਮੁਹਤਾਜ਼ ਨਹੀਂ ਕਿਸੇ ਵਾਕ ਦਾ! ਕਿਸੇ ਸੰਦਰਭ ਦਾ!

ਕਿਸੇ ਫਲ਼ਸਫ਼ੇ ਵਿਸ਼ੇਸ਼ ਦਾ! ਜਾਂ ਮੋਟੀਆਂ ਜ਼ਿਲਦਾਂ ਵਾਲੀਆਂ ਪੋਥੀਆਂ ਦਾ!

ਮੇਰੇ ਮਾਅਨੇ ਸੁੰਗੜਦੇ ਨਹੀਂ ਇਨ੍ਹਾਂ ਦੀ ਅਣਹੋਂਦ 'ਚ ਵੀ। (ਜਸਪਾਲ ਧਾਮੀ)

ਸਮਕਾਲੀ ਅਸਾਵੇਂ ਖੁਰਦਰੇ ਯਥਾਰਥ ਨੇ ਕਈ ਭਾਂਤ ਦੇ ਉਦਰੇਵਿਆਂ ਨੂੰ ਜਨਮ ਦਿੱਤਾ ਹੈ। ਭੂਤਕਾਲ ਵੱਲ ਇਕ ਤਰ੍ਹਾਂ ਦੇ ਮੋੜੇ ਦਾ ਜ਼ਿਕਰ ਅਸੀਂ ਸ਼ੁਰੂ ਵਿਚ ਕਰ ਆਏ ਹਾਂ। ਦੂਸਰੀ ਪ੍ਰਕਾਰ ਦਾ ਉਦਰੇਵਾਂ ਸੰਤਾਲੀ ਦੀ ਵੰਡ ਤੋਂ ਪੈਦਾ ਹੋਇਆ ਹੈ। ਕਾਲੇ ਜ਼ਹਿਰੀ ਨਾਗ ਸਮਾਪਤ ਹੋਣੇ ਚਾਹੀਦੇ ਹਨ---ਕਵੀ ਦੀ ਇਹ ਸੋਚ ਸਿਰਜਣਾਤਮਕ ਹੈ। ਪਰ ਇਹ ਵਿਚਾਰ ਆਪਣੇ ਆਪ ਵਿਚ ਭਰਮ ਹੈ ਕਿ ਜੇ ਸੰਤਾਲੀ ਵਿਚ ਇਧਰਲੇ ਲੋਕ ਪਕਿਸਤਾਨ ਨਾ ਚਲੇ ਜਾਂਦੇ ਤਾਂ ਇਹ ਨਾਗ ਖ਼ਤਮ ਹੋ ਗਏ ਹੁੰਦੇ। ਅਮਿਤੋਜ ਦਾ ਪਾਤਰ ਅਸ਼ਰਫ ਨਾਲ ਬਿਤਾਏ ਬਚਪਨ ਪ੍ਰਤਿ ਓਦਰਿਆ ਹੈ। ਉਹ ਚਾਚੇ ਵਲੋਂ ਬਣਾਏ ਹਾਂਡੀ ਦੇ ਮੀਟ ਦੀ ਖੁਸ਼ਬੂ ਨੂੰ ਯਾਦ ਕਰਦਾ ਹੈ। ਇਸੇ ਕਲਪਨਾ ਵਿਚੋਂ ਉਸ ਨੂੰ ਸੁਝਾਅ ਮਿਲਦਾ ਹੈ ਕਿ :

ਚਾਚਾ ਤੇਰੀ ਤੇ ਬਾਪੂ ਦੀ ਕੁੱਟ ਤੋਂ ਡਰਦਾ

ਉਹ ਚਿਤਕਬਰਾ ਤਾਂ ਭੱਜ ਗਿਆ

ਪਰ ਕੁਰਸੀ ਤੇ ਆਪਣੀ ਥਾਵੇਂ

ਕਾਲਾ ਨਾਗ ਧਰ ਗਿਆ।

ਮਾਂ ਕਹਿੰਦੀ ਹੈ :

“ਜੇ ਅੱਜ ਤੇਰੇ ਨਾਲ ਅਸ਼ਰਫ਼ ਵੀ ਹੁੰਦਾ

ਤਾਂ ਨਾਗ ਦਾ ਸਿਰ ਸਾਡੇ ਪੈਰਾਂ ’ਚ ਹੁੰਦਾ।”

ਗੀਤ ਵਿਅਕਤੀਗਤ ਮਨੋਭਾਵਨਾਵਾਂ (ਜੋ ਬਹੁਤਿਆਂ ਨਾਲ ਸਾਂਝੀਆਂ ਵੀ ਹੋ ਸਕਦੀਆਂ ਹਨ) ਦਾ ਪ੍ਰਗਟਾਵਾ ਕਰਕੇ ਆਪਣਾ ਪ੍ਰਭਾਵ ਜਗਾਉਂਦੇ ਹਨ। ਕਈ ਵਾਰ ਗੀਤਕਾਰ ਤੇ ਗੀਤ-ਪਾਤਰ ਵਿਚ ਨਿਖੇੜਾ ਕਰਨਾ ਸੰਭਵ ਨਹੀਂ ਹੁੰਦਾ। ਪਰ ਸਮਰੱਥ ਕਵੀ ਗੀਤ-ਪਾਤਰ ਦੀ ਵਿਸ਼ੇਸ਼ ਸਥਿਤੀ ਵਿਚ ਵਿਸ਼ੇਸ਼ ਮਾਨਸਿਕਤਾ ਦਾ ਚਿੱਤਰਣ ਕਰਦਾ ਹੈ। ਦੁਆਬੇ ਦੇ ਕਵੀਆਂ ਵਿਚ ਨੰਦ ਲਾਲ ਨੂਰਪੁਰੀ, ਸਾਧੂ ਸਿੰਘ ਆਂਚਲ, ਮਹਿੰਦਰ ਸਿੰਘ ਦੁਸਾਂਝ, ਚਰਨ ਸਿੰਘ ਸਫ਼ਰੀ, ਚਾਨਣ ਗੋਬਿੰਦਪੁਰੀ, ਪ੍ਰੋ. ਦੀਦਾਰ ਤੇ ਕਸ਼ਮੀਰ ਕਾਦਰ ਦੇ ਗੀਤ ਆਪਣੀ ਮਿਸਾਲ ਆਪ ਹਨ। ਨਿੱਜੀ ਭਾਵਨਾਵਾਂ ਜਾਂ ਦੁਖਾਂਤ ਨੂੰ ਬਾਹਰਮੁਖੀ ਹੋ ਕੇ ਚਿੱਤਰਣਾ ਕੋਈ ਸੌਖਾ ਕੰਮ ਨਹੀਂ ਹੁੰਦਾ। ਪਰ ਕਈ ਗੀਤਕਾਰ ਇਹ ਕੁਝ ਸੰਭਵ ਬਣਾਉਣ ਦੀ ਕਾਬਲੀਅਤ ਰੱਖਦੇ ਹਨ। ਕਈ ਗੀਤਕਾਰਾਂ ਨੇ ਭਾਰਤੀ ਸਮਾਜ ਵਿਚ ਬਾਹਰੀ ਦਬਾਵਾਂ ਹੇਠ ਵਿਚਰਦੀ ਇਸਤਰੀ ਦੇ ਮਨੋ-ਦੁਖਾਂਤ ਨੂੰ ਬਹੁਤ ਹੀ ਬਰੀਕੀ ਨਾਲ ਚਿੱਤਰਿਆ ਹੈ।

ਇਸ ਸੰਗ੍ਰਹਿ (ਮਹਿਕ ਦੁਆਬੇ ਦੀ) ਦੇ ਗੀਤਾਂ ਵਿਚ ਬਿਰਹਾ ਦਾ ਰੰਗ ਗੂੜ੍ਹਾ ਹੈ। ਉਪਭਾਵੁਕਤਾ ਤੋਂ ਬਚਣ ਦੀ ਕੋਸ਼ਿਸ਼ ਹੋਣ ਕਾਰਣ ਇਸ ਰੰਗ ਦੀ ਆਪਣੀ ਸਾਰਥਿਕਤਾ ਹੈ। ਬਿਰਹਾ ਦੀ ਹੂਕ ਦਿਲ ਬਿੰਨਵੀਂ ਹੈ :

ਜਾਂ ਮੋਈਆਂ ਪਰਦੇਸੀ ਕੂੰਜਾਂ

ਜਾਂ ਸੁਹਾਗਣ ਹੋਈਆਂ

ਮੈਂ ਅੰਬਰ ਦੀ ਫੂਹੜੀ ਬਹਿ ਕੇ

ਭੁੱਬੀਂ-ਭੁੱਬੀਂ ਰੋਈ ਆਂ।

ਚੌਂਕੇ ਵਿਚ

ਕੰਧੋਲੀ ਉੱਤੇ

ਕਈ ਔਂਸੀਆਂ ਪਾਈਆਂ

ਨੀ ਮਾਏ!

ਕੂੰਜਾਂ ਕਿਉਂ ਨਾ ਆਈਆਂ। (ਕੰਵਰ ਇਮਤਿਆਜ਼)

ਕਈ ਗੀਤਾਂ ਵਿਚ ਪਰੰਪਰਾਗਤ ਵਿਚਾਰਾਂ ਦਾ ਦੁਹਰਾ ਮਾਤਰ ਹੀ ਹੋਇਆ ਹੈ। ਇਨ੍ਹਾਂ ਗੀਤਾਂ ਵਿਚ ਕਈ ਭਾਵ-ਦੇਸ਼ ਦੀਆਂ ਡੂੰਘਾਈਆਂ ਵਿਚ ਨਹੀਂ ਪਹੁੰਚੇ। ਇਸ ਲਈ ਓਪਰੇਪਣ ਦਾ ਅਹਿਸਾਸ ਤਿਖੇਰਾ ਹੁੰਦਾ ਹੈ। ਵਿਚਾਰ ਵਿਚ ਲੋਚ ਹੈ ਪਰ ਗੀਤ ਦਾ ਭਾਵ ਤਿਖੇਰਾ ਨਹੀਂ :

ਕੁਝ ਪੀੜਾ ਸੋਚ ਦੀਆਂ ਵਾਗਾਂ, ਜੋਰੀ ਫੜ ਖਲੋਈਆਂ।

ਉੱਚੇ ਉੱਡਣ ਦੀਆਂ ਰੀਝਾਂ ਮੇਰੀਆਂ, ਹੁਬਕੀਂ ਹੁਬਕੀਂ ਰੋਈਆਂ

ਬੇਦਰਦਾਂ ਦੀ ਨਗਰੀ ਦੇ ਵਿਚ, ਸੱਧਰ ਜਿਊਣ ਦੀ ਮੋਈ ਵੇ। (ਗੁਰਬਖਸ਼ ਸਿੰਘ ਭੰਡਾਲ ਪ੍ਰੋ.)

ਚਰਨ ਸਿੰਘ ਸਫ਼ਰੀ ਪੰਜਾਬੀ ਦਾ ਸਿਰਕੱਢ ਗੀਤਕਾਰ ਹੈ। ਉਹ ਗਲਪ ਪੱਧਰ ਤੇ ਪਰੰਪਰਾ ਵਿਚੋਂ ਵੀ ਸੱਜਰੇ ਰੰਗ ਟੋਲ ਸਕਣ ਦੀ ਸਮਰੱਥਾ ਰੱਖਦਾ ਹੈ। ਜਦੋਂ ਉਹ "ਪ੍ਰਸੰਸਾਵਾਦੀ" ਸ਼ੈਲੀ ਤੋਂ ਵੱਖ ਹੁੰਦਾ ਹੈ ਤਾਂ ਉਸ ਦਾ ਪ੍ਰਭਾਵ ਕਈ ਗੁਣਾਂ ਹੋ ਜਾਂਦਾ ਹੈ। ਇਸ ਸੰਗ੍ਰਹਿ ਵਿਚਲਾ ਗੀਤ ਉਸ ਦੀ ਪ੍ਰਸੰਸਾਵਾਦੀ ਸ਼ੈਲੀ ਦਾ ਹੀ ਉਤਮ ਨਮੂਨਾ ਹੈ।

ਨਿੰਮਾਂ ਨਿੰਮਾਂ ਤੂੰ ਹੱਸਿਆ ਗੋਰਾ ਮੁਖੜਾ ਤੇ ਰੂਪ ਕੁਆਰਾ

ਡਾਲੀਉਂ ਗੁਲਾਬ ਟੁੱਟ ਕੇ ਭੁੰਜੇ ਢੈ ਗਿਆ ਸ਼ਰਮ ਦਾ ਮਾਰਾ

'ਸਫ਼ਰੀ' ਨੂੰ ਡਰ ਲਗਦਾ ਤੈਥੋਂ ਪੰਜ ਫੁਟੀਏ ਤਲਵਾਰੇ

ਕੁੰਡਲਾਂ ਤੋਂ ਪੁੱਛ ਗੋਰੀਏ ਇਨ੍ਹਾਂ ਕਿਹੜੇ ਕਿਹੜੇ ਕਹਿਰ ਗੁਜਾਰੇ

ਕਿੰਨੇ ਕੁ ਪਿਆਰ ਲੱਭਦੇ ਇਹਨਾਂ ਫਾਹ ਕੇ ਕਬੂਤਰ ਮਾਰੇ।

ਪ੍ਰੋ. ਦੀਦਾਰ ਨੇ ਗੀਤਕਾਰ ਦੇ ਤੌਰ 'ਤੇ ਸਿਰਫ਼ ਇਸ ਲਈ ਹੀ ਪ੍ਰਸਿੱਧੀ ਪ੍ਰਾਪਤ ਨਹੀਂ ਕੀਤੀ ਕਿ ਉਹ ਆਪ ਆਪਣੇ ਗੀਤਾਂ ਨੂੰ ਗਾ ਕੇ ਸਮਾਂ ਬੰਨ੍ਹਦਾ ਹੈ, ਸਗੋਂ ਉਸ ਦੇ ਗੀਤ ਤੇ ਗ਼ਜ਼ਲਾਂ ਵਿਚ ਕਾਵਿਕ-ਗੁਣਾਂ ਦੇ ਨਾਲ ਨਾਲ ਸਮਕਾਲੀ ਸਮਾਜ ਦੀਆਂ ਬੁਰਾਈਆਂ ਉੱਪਰ ਕਟਾਖ ਵੀ ਹੁੰਦਾ ਹੈ। ਪਿਛੋਕੜ ਵਿਚ ਭਾਵੁਕਤਾ ਦਾ ਜ਼ੋਰ ਬੇ-ਬਾਹ ਹੈ। ਦੀਦਾਰ ਤੋਂ ਸਾਨੂੰ ਅਜੇ ਬਹੁਤ ਆਸਾਂ ਸਨ। ਇਸ ਸੰਗ੍ਰਹਿ ਦੇ ਗੀਤ ਦੀਆਂ ਕੁਝ ਪੰਗਤੀਆਂ :

ਦੇਸ ਤੇਰੇ ਦੇਖੇ ਅਸੀਂ ਹੰਸਾਂ ਨੂੰ ਰੋੜ ਮਿਲੇ, ਮੋਤੀ ਏਥੇ ਚੁਗ ਲੈਂਦੇ ਕਾਂ।

ਜਾਬਰਾਂ ਦੇ ਰਾਜ ਵਿਚ ਲੇਖਾਂ ਦੇ ਅਦਾਲਤੀ ਵੀ, ਦੇਖੇ ਅਸੀਂ ਮੰਗਦੇ ਨਿਆਂ।

ਸੁਰਿੰਦਰ ਧੂਤ ਨੇ ਕਵੀ ਦੇ ਤੌਰ 'ਤੇ ਯਥਾਰਥ ਚਿੱਤਰਣ ਦਾ ਪੱਖ ਪੂਰਿਆ ਹੈ। ਗੁਰਮੀਤ ਪਲਾਹੀ ਦੀ ਕਵਿਤਾ ਵਿਚ ਸਮਾਜਿਕ ਵੰਡੀਆਂ ਦਾ ਅਹਿਸਾਸ ਬੜਾ ਤਿਖੇਰਾ ਹੈ, ਪਰ ਸ਼ਿਲਪ ਦਾ ਪੱਧਰ ਨਿਗੂਣਾ ਹੈ। ਸੰਧੂ ਵਰਿਆਣਵੀ ਦੀਆਂ ਕਵਿਤਾਵਾਂ ਵਿਚ ਉਪਰਾਮਤਾ ਦਾ ਧੂਹ ਪਾਉਣ ਵਾਲਾ ਚਿੱਤਰਣ ਹੈ। ਜਗਤਾਰ ਢਾਅ ਉਪਰਲੇ ਮੱਧ ਵਰਗ ਦੇ ਪਾਖੰਡ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਮਹਿਰਮ ਯਾਰ ਦਾ ਹਾਇਕੂ ਕਾਵਿ-ਰੂਪ ਦਾ ਪ੍ਰਯੋਗ ਬਿਲਕੁਲ ਵੱਖਰੇ ਅੰਦਾਜ਼ 'ਚ ਹੈ।

ਜਗਤਾਰ ਇਕ ਸਿਰਕੱਢ ਗ਼ਜ਼ਲਗੋ ਹੈ। ਉਹ ਹਮੇਸ਼ਾ ਪ੍ਰਗਤੀਵਾਦੀ ਲਹਿਰ ਨਾਲ ਕਦਮ ਮਿਲਾ ਕੇ ਤੁਰਿਆ ਹੈ। ਖੁਰਦਰੇ ਯਥਾਰਥ ਅਨੁਸਾਰ ਮਾਨਸਿਕ ਘੁੱਟਣ ਦਾ ਚਿੱਤਰਣ ਵੀ ਉਸਨੇ ਬੜੀ ਤੀਬਰਤਾ ਨਾਲ ਕੀਤਾ ਹੈ। ਜੇ ਸੰਗ੍ਰਹਿ ਵਿਚ ਉਸ ਦੀਆਂ ਗ਼ਜ਼ਲਾਂ ਸ਼ਾਮਿਲ ਕੀਤੀਆਂ ਜਾਂਦੀਆਂ ਤਾਂ ਵਧੇਰੇ ਚੰਗਾ ਸੀ। ਹਮਦਰਦ ਦੀ ਗ਼ਜ਼ਲ ਅਰੂਜ਼ ਦੀ ਪਕਿਆਈ ਕਰਕੇ ਜਾਣੀ ਜਾਂਦੀ ਹੈ, ਵਿਸ਼ੇ ਦੀ ਚੋਣ ਕਰਕੇ ਨਹੀਂ। ਹਰਦਿਆਲ ਸਾਗਰ ਦਾ ਆਪਣਾ ਵੱਖਰਾ ਅੰਦਾਜ਼ ਹੈ :

ਯਕੀਨਨ ਦਰਦ ਦੀ ਉਸ ਸ਼ਖ਼ਸ਼ ਨੇ ਤੌਹੀਨ ਕੀਤੀ ਹੈ,

ਸਲੀਕਾ ਹੀ ਨਹੀਂ ਉਸਨੂੰ ਕਿ ਥਾਂ ਪੁਰ ਥਾਂ ਪਿਆ ਸਿਸਕੇ।

… … … … … …

ਇਹ ਮੇਰਾ ਮੁਲਕ ਉਠ ਉਠ ਕੇ ਹੈ ਰਾਤੀਂ ਸਿਸਕਦਾ, ਜੀਕਣ

ਕਿਸੇ ਅਪਹਰਨ ਹੋ ਚੁੱਕੀ, ਕੁਆਰੀ ਦਾ ਪਿਤਾ ਸਿਸਕੇ।

ਕੁਲਤਾਰ ਨੇ ਅਜੇ ਗ਼ਜ਼ਲ ਕਹਿਣੀ ਸ਼ੁਰੂ ਹੀ ਕੀਤੀ ਹੈ। ਉਸ ਪਾਸ ਤਿੱਖੀ ਨਜ਼ਰ ਤੇ ਦ੍ਰਿਸ਼ਟੀਕੋਣ ਹੈ, ਜੋ ਭਵਿੱਖ ਵਿਚ ਉਸ ਪਾਸੋਂ ਵਧੇਰੇ ਆਸ ਬਨ੍ਹਾਉਂਦੇ ਹਨ :

ਲੋਕ ਆਪਣੇ ਹੀ ਭਰੋਸੇ ਜੀਣਗੇ
ਨਾ ਭਰੋਸਾ ਹੁਣ ਰਿਹਾ ਸਰਕਾਰ ਵਿਚ।
... ...
ਹਰ ਮਨੁੱਖ ਉਸ ਵੱਲ ਖਿੱਚਿਆ ਆਉਂਦੈ,
ਰਾਮ ਜਾਣੇ ਕੀ ਕਸ਼ਿਸ਼ 'ਕੁਲਤਾਰ' ਵਿਚ।

ਕੁਲਤਾਰ ਵਾਂਗ ਕਮਲ ਦੇਵ 'ਪਾਲ' ਵੀ ਹੁਸ਼ਿਆਰਪੁਰ ਸਾਹਿਤ ਸਭਾ ਦੀ ਇਕ ਹੋਰ ਦੇਣ ਹੈ। ਉਸ ਦੀ ਪ੍ਰਤਿਬੱਧਤਾ ਵੀ ਦੂਰ ਤੱਕ ਨਿਭਣ ਵਾਲੀ ਹੈ :

ਇਨ੍ਹਾਂ ਵਿਚ ਮੜ੍ਹਕ ਹੈ ਬਾਕੀ, ਕਦੇ ਕੁਝ ਕਰ ਵੀ ਜਾਵਣਗੇ,
ਸਲੀਬਾਂ ਸਾਹਮਣੇ ਜੋ ਗੀਤ ਸੱਜਰੇ ਗਾ ਰਹੇ ਲੋਕੀਂ।
... ...
ਬਿਨਾਂ ਸੰਘਰਸ਼ ਦੇ ਹੱਕਾਂ ਦੀ ਏਥੇ ਆਸ ਰੱਖਦੇ ਜੋ,
ਬੜੇ ਬੁਜ਼ਦਿਲ ਨੇ ਆਪਣੇ ਆਪ ਨੂੰ ਵਰਚਾ ਰਹੇ ਲੋਕੀਂ।

ਛੰਦ-ਬੱਧ ਕਵਿਤਾ ਦੇ "ਲੰਬੜਦਾਰ" ਠਾਕਰ ਭਾਰਤੀ ਦੀ ਕਵਿਤਾ ਸਦਾਚਾਰਵਾਦੀ ਹੈ। ਉਸ ਕੋਲ ਪ੍ਰਗਟਾ ਦੀ ਕਾਰੀਗਰੀ ਵੀ ਹੈ।

ਉਪਰੋਕਤ ਕਵੀਆਂ ਦੀਆਂ ਕਵਿਤਾਵਾਂ ਤੋਂ ਇਲਾਵਾ ਵੀ ਇਸ ਸੰਗ੍ਰਹਿ ਵਿਚ ਅਨੇਕਾਂ ਅਜਿਹੀਆਂ ਕਾਵਿ-ਪੰਗਤੀਆਂ ਹਨ ਜੋ ਸਾਡਾ ਧਿਆਨ ਖਿੱਚਦੀਆਂ ਹਨ ਅਤੇ ਪਾਠਕ ਨੂੰ ਸੋਚਣ ਲਈ ਮਜਬੂਰ ਕਰਦੀਆਂ ਹਨ। ਹੇਠ ਲਿਖੀਆਂ ਪੰਗਤੀਆਂ ਪੜ੍ਹ ਕੇ ਪਾਠਕ ਸਾਡੇ ਨਾਲ ਸਹਿਮਤ ਹੋਣਗੇ :

(ੳ) ਤੁਸੀਂ ਤਾਂ ਜਾਣਦੇ ਹੋ-
ਮਹੁੱਬਤ ਕੋਈ ਆਦਤ ਨਹੀਂ, ਨਾ ਇੱਲਤ ਹੈ।
ਮਹੁੱਬਤ ਸਿਫ਼ਤ ਹੈ-ਸੁੱਚੇ ਸੁਹੱਪਣ ਦੀ,
ਅਲਾਮਤ ਹੈ ਕਿਸੇ ਦੇ ਆਪਣੇਪਨ ਦੀ। (ਫਤਿਹਜੀਤ)

(ਅ) ਇਤਿਹਾਸ ਦੇ ਰਚਣਹਾਰੇ ਤਾਂ ਉਹ ਲੋਕ ਹੁੰਦੇ ਹਨ
ਜਿਹਨਾਂ ਦੇ ਬਲਦੇ ਜਿਸਮ
ਤੇ ਛਾਲਿਆਂ ਭਰੇ ਪੈਰਾਂ 'ਚ ਸਿਖਰਾਂ ਛੋਹਣ ਦੀ ਲੋਚਾ

ਮਨ 'ਚ ਇਕ ਤੜਪ

ਇਕ ਬੇਚੇਨੀ

ਉਦਾਸੀ ਦੀ ਹਿੱਕ ਵਿਚ ਇਕ ਅੱਗ ਹੁੰਦੀ ਹੈ। (ਬਲਬੀਰ ਪਰਵਾਨਾ)

(ੲ) ਸਾਨੂੰ ਜੋ ਵਰਜਦੇ ਸੀ, ਇਸ ਰਸਤੇ ਨਾ ਜਾਉ,

ਮੈਂ ਦੇਖਿਆ ਉਹ ਲੰਘ ਗਏ ਕਾਲੇ ਨਕਾਬ ਲੈ ਕੇ। (ਸ਼ੌਕਤ ਢੰਡਵਾੜਵੀ)

(ਸ) ਜੀਣ ਦੇ ਹੱਕਦਾਰ ਉਹ ਬਿਲਕੁਲ ਨਹੀਂ,

ਜੋ ਮਨੁੱਖ ਜ਼ੁਲਮਾਂ ਦੇ ਅੱਗੇ ਝੁਕ ਗਏ। (ਕਰਮ ਸਿੰਗ ਪਲਕੋਟੀ)

(ਹ) ਵਿਸ਼ਵਾਸਾਂ ਦੇ ਖੇਮੇਂ ਉਸਰਨਗੇ ਆਪੇ,

ਪਹਿਲਾਂ ਖ਼ਾਕੇ ਠੀਕ ਬਣਾਉ ਨੀਹਾਂ ਦੇ। (ਦੇਵਿੰਦਰ ਜੌਹਲ)

(ਕ) ਸੋਚ ਕੇ ਤੁਰਿਆਂ ਸਾਂ ਘਰ ਤੋਂ ਮੌਤ ਸੰਗ ਜੂਝਣ ਲਈ,

ਜ਼ਿੰਦਗੀ ਨਾਲੋਂ ਮਗਰ ਨਾ ਤੋੜ ਹੋਈਆ ਪ੍ਰੀਤੀਆਂ।

... ...

ਅਕਲ ਕੋਰੀ, ਸ਼ਕਲ ਗੋਰੀ, ਕਾਲਾ ਦਿਲ ਜਿਸ ਕੋਲ ਹੈ,

ਓਸ ਨੇ ਯਾਰਾਂ ਦੀਆਂ ਅਗਵਾਈਆਂ ਕਦ ਕੀਤੀਆਂ। (ਧਰਮ ਪਾਲ 'ਦਾਗ਼ੀ' ਅਲਾਵਲਪੁਰੀ)

(ਖ) ਮੈਂ ਆਪਣੀ ਲਾਸ਼ ਨੂੰ ਆਪਣੇ ਹੀ ਮੋਢੇ ਲਾ ਕੇ ਜਦ ਤੁਰਿਆ,

ਉਦੋਂ ਤੱਕਿਆ ਕਿ ਆਪਣਾ ਸ਼ਹਿਰ ਵੀ ਹੋਇਆ ਪਰਾਇਆ ਸੀ। (ਮਹਿੰਦਰ ਦੀਵਾਨਾ)

ਉਪਰੋਕਤ ਚਰਚਾ ਤੋਂ ਬਾਅਦ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਆਪਣੀਆਂ ਸੀਮਾਵਾਂ ਦੇ ਬਾਵਜੂਦ ਇਸ ਸੰਗ੍ਰਹਿ ਦੇ ਕਵੀ ਸਮੁੱਚੀ ਪੰਜਾਬੀ ਕਵਿਤਾ ਦੀ ਪ੍ਰਤਿਨਿਧਤਾ ਕਰਦੇ ਹਨ। ਉਹ ਦੁਆਬੇ ਦੇ ਭੂਗੋਲਿਕ ਖ਼ਿੱਤੇ ਤੱਕ ਸੀਮਤ ਨਾ ਰਹਿ ਕੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਸਮੱਸਿਆਵਾਂ ਨਾਲ ਜੂਝ ਰਹੇ ਹਨ। ਅਜਿਹੇ ਕਵੀਆਂ ਨੂੰ ਇਕ ਥਾਉਂ ਇਕੱਠਿਆਂ ਕਰਕੇ ਜੋ ਕੰਮ ਬਲਦੇਵ ਸਿੰਘ 'ਬੱਦਨ' ਨੇ ਕੀਤਾ ਹੈ, ਇਸ ਲਈ ਉਹ ਵਧਾਈ ਦਾ ਹੱਕਦਾਰ ਹੈ। ਮੈਂ ਇਸ ਸੰਗ੍ਰਹਿ ਨੂੰ ਦਿਲੋਂ ਜੀ ਆਇਆਂ ਕਹਿੰਦਾ ਹਾਂ।

ਬਲਦੇਵ ਸਿੰਘ ਬੱਦਨ (ਸੰ;), ਮਹਿਕ ਦੁਆਬੇ ਦੀ (ਦੁਆਬੇ ਦਾ ਕਾਵਿ ਸੰਗ੍ਰਹਿ), ਲੋਕਗੀਤ ਪ੍ਰਕਾਸ਼ਨ ਸਰਹਿੰਦ,1990. ਦੇ ਮੁਖਬੰਧ ਦੇ "ਦੋ ਸ਼ਬਦ"

21.11.8